


ਸੱਚੀ ਅਤੇ ਨਿਰਪੱਖ ਵਿਚਾਰਧਾਰਾ

# CEE7NEWS

Daily Digital Edition





Reg No: AAG1353 | Ludhiana, Thursday 30 April, 2026 | website: www.cee7news.com

## ਮਧੂਮੱਖੀਆਂ ਦੇ ਝੁੰਡ ਨੇ ਸਕੂਲੀ ਬੱਚਿਆਂ 'ਤੇ ਹਮਲਾ ਕਰ ਦਿੱਤਾ



ਮੋਹਾਲੀ ਦੇ ਫੇਜ਼-7 ਵਿੱਚ ਸਥਿਤ ਇੱਕ ਨਿੱਜੀ ਸਕੂਲ (ਸੈਂਟ ਸੋਲਜਰ ਸਕੂਲ) ਵਿੱਚ ਵਾਪਰੀ ਇੱਕ ਮੰਦਭਾਗੀ ਘਟਨਾ ਵਿੱਚ ਮਧੂਮੱਖੀਆਂ ਦੇ ਝੁੰਡ ਨੇ ਸਕੂਲੀ ਬੱਚਿਆਂ 'ਤੇ ਹਮਲਾ ਕਰ ਦਿੱਤਾ। ਇਹ ਘਟਨਾ ਬੁੱਧਵਾਰ ਨੂੰ ਉਸ ਸਮੇਂ ਵਾਪਰੀ ਜਦੋਂ ਬੱਚੇ ਸਕੂਲ ਦੀ ਗਰਾਊਂਡ ਵਿੱਚ ਮੌਜੂਦ ਸਨ। ਮਧੂਮੱਖੀਆਂ ਦੇ ਇਸ ਅਚਾਨਕ ਹੋਏ ਹਮਲੇ ਕਾਰਨ ਸਕੂਲ ਵਿੱਚ ਭਾਜੜ ਮੱਚ ਗਈ ਅਤੇ 50 ਤੋਂ ਵੱਧ ਬੱਚੇ ਜ਼ਖਮੀ ਹੋ ਗਏ।ਰਿਪੋਰਟਾਂ ਅਨੁਸਾਰ, ਜ਼ਖਮੀ ਬੱਚਿਆਂ ਨੂੰ ਤੁਰੰਤ ਮੋਹਾਲੀ ਦੇ ਸਰਕਾਰੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਡਾਕਟਰਾਂ ਨੇ ਦੱਸਿਆ ਕਿ ਬੱਚਿਆਂ ਨੂੰ ਮਧੂਮੱਖੀਆਂ ਦੇ ਡੰਗ ਕਾਰਨ ਦਰਦ, ਸੋਜ ਅਤੇ ਘਬਰਾਹਟ ਦੀ ਸ਼ਿਕਾਇਤ ਸੀ। ਹਾਲਾਂਕਿ, ਸਮੇਂ ਸਿਰ ਮੁੱਢਲੀ ਸਹਾਇਤਾ ਅਤੇ ਇਲਾਜ ਮਿਲਣ ਕਾਰਨ ਸਾਰੇ ਬੱਚਿਆਂ ਦੀ ਹਾਲਤ ਸਥਿਰ ਦੱਸੀ ਜਾ ਰਹੀ ਹੈ ਅਤੇ ਕਿਸੇ ਵੀ ਬੱਚੇ ਦੇ ਗੰਭੀਰ ਰੂਪ ਵਿੱਚ ਜ਼ਖਮੀ ਹੋਣ ਦੀ ਖਬਰ ਨਹੀਂ ਹੈ।ਇਸ ਘਟਨਾ ਤੋਂ ਬਾਅਦ ਸਕੂਲ ਦੇ ਬਾਹਰ ਅਤੇ ਹਸਪਤਾਲ ਵਿੱਚ ਬੱਚਿਆਂ ਦੇ ਮਾਪਿਆਂ ਨੇ ਭਾਰੀ ਹੰਗਾਮਾ ਕੀਤਾ। ਮਾਪਿਆਂ ਦਾ ਦੋਸ਼ ਹੈ ਕਿ ਸਕੂਲ ਪ੍ਰਬੰਧਕਾਂ ਨੇ ਇੰਨੀ ਵੱਡੀ ਘਟਨਾ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਸਮੇਂ ਸਿਰ ਸੂਚਿਤ ਨਹੀਂ ਕੀਤਾ। ਕਈ ਮਾਪਿਆਂ ਨੇ ਕਿਹਾ ਕਿ ਉਨ੍ਹਾਂ ਨੂੰ ਆਪਣੇ ਬੱਚਿਆਂ ਦੇ ਹਸਪਤਾਲ ਵਿੱਚ ਹੋਣ ਦੀ ਜਾਣਕਾਰੀ ਸਕੂਲ ਵੱਲੋਂ ਨਹੀਂ, ਸਗੋਂ ਹੋਰ ਸਰੋਤਾਂ ਰਾਹੀਂ ਮਿਲੀ। ਮਾਪਿਆਂ ਨੇ ਸਕੂਲ ਦੀ ਲਾਪਰਵਾਹੀ 'ਤੇ ਸਵਾਲ ਚੁੱਕਦਿਆਂ ਕਿਹਾ ਕਿ ਜਦੋਂ ਫੀਸ ਲੈਣ ਦੀ ਵਾਰੀ ਹੁੰਦੀ ਹੈ ਤਾਂ ਸਕੂਲ ਤੁਰੰਤ ਫੋਨ ਕਰਦਾ ਹੈ, ਪਰ ਬੱਚਿਆਂ ਦੀ ਸੁਰੱਖਿਆ ਦੇ ਮਾਮਲੇ ਵਿੱਚ ਚੁੱਪੀ ਧਾਰ ਲਈ ਗਈ।

## ਮਨੀਸ਼ ਸਿਸੋਦੀਆ ਨੇ ਸਿਟੀ ਕੈਂਪਸ ਵਿਖੇ ਪਾਰਟੀ ਦੀ ਮੀਟਿੰਗ ਕੀਤੀ



ਜਲੰਧਰ : ਆਮ ਆਦਮੀ ਪਾਰਟੀ ਪੰਜਾਬ ਦੇ ਇੰਚਾਰਜ ਮਨੀਸ਼ ਸਿਸੋਦੀਆ ਨੇ ਅੱਜ ਜਲੰਧਰ ਸ਼ਾਹਪੁਰ ਸਿਟੀ ਕੈਂਪਸ ਵਿਖੇ ਪਾਰਟੀ ਦੀ ਮੀਟਿੰਗ ਕੀਤੀ। ਇਸ ਮੀਟਿੰਗ 'ਚ ਮੰਤਰੀਆਂ ਅਤੇ ਵਿਧਾਇਕਾਂ ਨੇ 1,000 ਬਲਾਕ ਆਬਜ਼ਰਵਰਾਂ ਦੇ ਨਾਲ ਮੀਟਿੰਗ ਵਿਚ ਸ਼ਿਰਕਤ ਕੀਤੀ। ਮੀਟਿੰਗ ਤੋਂ ਬਾਅਦ ਮਨੀਸ਼ ਸਿਸੋਦੀਆ ਨੇ ਮੀਡੀਆ ਨੂੰ ਸੰਬੋਧਨ ਕੀਤਾ ਜਿੱਥੇ ਉਨ੍ਹਾਂ ਮੀਟਿੰਗ ਸੰਬੰਧੀ ਮਹੱਤਵਪੂਰਨ ਨੁਕਤਿਆਂ 'ਤੇ ਚਰਚਾ ਕੀਤੀ। ਮੀਟਿੰਗ ਦੌਰਾਨ ਸਿਸੋਦੀਆ ਨੇ ਕਿਹਾ ਕਿ 'ਆਪ' ਨੇ ਹਰੇਕ 15 ਪਿੰਡਾਂ ਅਤੇ 15 ਵਾਰਡਾਂ ਵਿਚ ਆਗੂਆਂ ਨੂੰ ਤਾਇਨਾਤ ਕੀਤਾ ਹੈ ਜਿਨ੍ਹਾਂ ਨੂੰ ਆਬਜ਼ਰਵਰ ਕਿਹਾ ਜਾਂਦਾ ਹੈ। ਉਨ੍ਹਾਂ ਦਾ ਕੰਮ 15 ਪਿੰਡਾਂ ਜਾਂ 15 ਵਾਰਡਾਂ ਵਿਚੋਂ ਹਰੇਕ ਵਿਚ ਸੰਗਠਨਾਂ ਨਾਲ ਮੁਲਾਕਾਤ ਕਰਨਾ ਅਤੇ ਉਨ੍ਹਾਂ ਦੀਆਂ ਚਿੰਤਾਵਾਂ ਨੂੰ ਪਾਰਟੀ ਅਤੇ ਸਰਕਾਰ ਦੇ ਧਿਆਨ ਵਿਚ ਲਿਆਉਣਾ ਹੈ।ਇਸ ਮੌਕੇ ਉਨ੍ਹਾਂ ਭਾਰਤੀ ਜਨਤਾ ਪਾਰਟੀ 'ਤੇ ਨਿਸ਼ਾਨਾ ਵਿੰਨ੍ਹਦਿਆਂ ਕਿਹਾ ਕਿ ਭਾਜਪਾ ਨੂੰ ਘਟੀਆ ਅਤੇ ਗੱਦਾਰਾਂ ਨਾਲ ਭਰੀ ਹੋਈ ਪਾਰਟੀ ਦੱਸਿਆ। ਸਿਸੋਦੀਆ ਨੇ ਕਿਹਾ ਕਿ ਭਾਜਪਾ ਜਾਣਦੀ ਹੈ ਕਿ ਦੇਸ਼ ਨੂੰ ਕਿਵੇਂ ਵੰਡਣਾ ਹੈ, ਪਾਰਟੀਆਂ ਨੂੰ ਕਿਵੇਂ ਤੋੜਨਾ ਹੈ ਅਤੇ ਈ.ਡੀ. ਅਤੇ ਸੀ.ਬੀ.ਆਈ. ਦੀ ਵਰਤੋਂ ਕਿਵੇਂ ਕਰਨੀ ਹੈ। ਉਨ੍ਹਾਂ ਪੁੱਛਿਆ ਕਿ ਕੋਈ ਉਨ੍ਹਾਂ ਨੂੰ ਦੱਸੇ ਕਿ ਕੀ ਭਾਰਤੀ ਜਨਤਾ ਪਾਰਟੀ ਨੇ ਦੇਸ਼ ਕੋਈ ਸਕੂਲ ਜਾਂ ਕੋਈ ਨਵਾਂ ਹਸਪਤਾਲ ਬਣਾਇਆ।ਭਾਜਪਾ ਦੇਸ਼ ਲਈ ਕੰਮ ਕਰਨਾ ਨਹੀਂ ਜਾਣਦੀ ਬਲਕਿ ਲੋਕਾਂ ਨੂੰ ਤੋੜਨਾ ਜਾਣਦੀ ਹੈ।ਜਲੰਧਰ : ਆਮ ਆਦਮੀ ਪਾਰਟੀ ਪੰਜਾਬ ਦੇ ਇੰਚਾਰਜ ਮਨੀਸ਼ ਸਿਸੋਦੀਆ ਨੇ ਅੱਜ ਜਲੰਧਰ ਸ਼ਾਹਪੁਰ ਸਿਟੀ ਕੈਂਪਸ ਵਿਖੇ ਪਾਰਟੀ ਦੀ ਮੀਟਿੰਗ ਕੀਤੀ। ਇਸ ਮੀਟਿੰਗ 'ਚ ਮੰਤਰੀਆਂ ਅਤੇ ਵਿਧਾਇਕਾਂ ਨੇ 1,000 ਬਲਾਕ ਆਬਜ਼ਰਵਰਾਂ ਦੇ ਨਾਲ ਮੀਟਿੰਗ ਵਿਚ ਸ਼ਿਰਕਤ ਕੀਤੀ। ਮੀਟਿੰਗ ਤੋਂ ਬਾਅਦ ਮਨੀਸ਼ ਸਿਸੋਦੀਆ ਨੇ ਮੀਡੀਆ ਨੂੰ ਸੰਬੋਧਨ ਕੀਤਾ ਜਿੱਥੇ ਉਨ੍ਹਾਂ ਮੀਟਿੰਗ ਸੰਬੰਧੀ ਮਹੱਤਵਪੂਰਨ ਨੁਕਤਿਆਂ 'ਤੇ ਚਰਚਾ ਕੀਤੀ। ਮੀਟਿੰਗ ਦੌਰਾਨ ਸਿਸੋਦੀਆ ਨੇ ਕਿਹਾ ਕਿ 'ਆਪ' ਨੇ ਹਰੇਕ 15 ਪਿੰਡਾਂ ਅਤੇ 15 ਵਾਰਡਾਂ ਵਿਚ ਆਗੂਆਂ ਨੂੰ ਤਾਇਨਾਤ ਕੀਤਾ ਹੈ ਜਿਨ੍ਹਾਂ ਨੂੰ ਆਬਜ਼ਰਵਰ ਕਿਹਾ ਜਾਂਦਾ ਹੈ। ਉਨ੍ਹਾਂ ਦਾ ਕੰਮ 15 ਪਿੰਡਾਂ ਜਾਂ 15 ਵਾਰਡਾਂ ਵਿਚੋਂ ਹਰੇਕ ਵਿਚ ਸੰਗਠਨਾਂ ਨਾਲ ਮੁਲਾਕਾਤ ਕਰਨਾ ਅਤੇ ਉਨ੍ਹਾਂ ਦੀਆਂ ਚਿੰਤਾਵਾਂ ਨੂੰ ਪਾਰਟੀ ਅਤੇ ਸਰਕਾਰ ਦੇ ਧਿਆਨ ਵਿਚ ਲਿਆਉਣਾ ਹੈ।

**Cee7news** ਆਸਟ੍ਰੇਲੀਆ ਤੋਂ 11 ਪੰਜਾਬੀਆਂ ਸਮੇਤ 15 ਭਾਰਤੀਆਂ ਨੂੰ ਕੀਤਾ ਗਿਆ ਡਿਪੋਰਟ

# ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸਖ਼ਤ ਕਾਰਵਾਈ ਦਾ ਭਰੋਸਾ

ਚੰਡੀਗੜ੍ਹ/ਦਿੱਲੀ: ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਇੱਕ ਅਹਿਮ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਆਸਟ੍ਰੇਲੀਆ ਸਰਕਾਰ ਵੱਲੋਂ 15 ਭਾਰਤੀ ਨੌਜਵਾਨਾਂ ਨੂੰ ਦੇਸ਼ ਨਿਕਾਲਾ (ਡਿਪੋਰਟ) ਦਿੱਤਾ ਗਿਆ ਹੈ। ਇਹਨਾਂ ਵਿੱਚੋਂ 11 ਨੌਜਵਾਨ ਪੰਜਾਬ ਨਾਲ ਸਬੰਧਤ ਹਨ। ਇਸ ਘਟਨਾ ਨੇ ਵਿਦੇਸ਼ਾਂ ਵਿੱਚ ਵਸਦੇ ਪੰਜਾਬੀ ਭਾਈਚਾਰੇ ਅਤੇ ਖਾਸ ਕਰਕੇ ਨੌਜਵਾਨਾਂ ਵਿੱਚ ਚਿੰਤਾ ਦੀ ਲਹਿਰ ਪੈਦਾ ਕਰ ਦਿੱਤੀ ਹੈ। ਮੁੱਖ ਮੰਤਰੀ ਖੁਦ ਕਰਨਗੇ ਅਗਵਾਈ

ਮੁੱਖ ਮੰਤਰੀ ਭਗਵੰਤ ਮਾਨ ਨੇ ਐਲਾਨ ਕੀਤਾ ਹੈ ਕਿ ਉਹ ਖੁਦ ਦਿੱਲੀ ਹਵਾਈ ਅੱਡੇ 'ਤੇ ਪਹੁੰਚ ਕੇ ਇਹਨਾਂ ਨੌਜਵਾਨਾਂ ਦਾ ਸਵਾਗਤ ਕਰਨਗੇ। ਉਨ੍ਹਾਂ ਕਿਹਾ ਕਿ ਡਿਪੋਰਟ ਹੋਣ ਵਾਲੇ 11 ਪੰਜਾਬੀਆਂ ਵਿੱਚੋਂ 10 ਨੌਜਵਾਨ ਲੜਕੇ ਹਨ ਅਤੇ ਇੱਕ ਲੜਕੀ ਸ਼ਾਮਲ ਹੈ। ਮੁੱਖ ਮੰਤਰੀ ਨੇ ਸਪੱਸ਼ਟ ਕੀਤਾ ਕਿ ਸਰਕਾਰ ਇਹਨਾਂ ਨੌਜਵਾਨਾਂ ਦੀ ਸਹਾਇਤਾ ਕਰੇਗੀ ਅਤੇ ਇਹ ਜਾਣਨ ਦੀ ਕੋਸ਼ਿਸ਼ ਕਰੇਗੀ ਕਿ ਉਹ ਕਿਹੜੀਆਂ ਪਰਿਸਥਿਤੀਆਂ ਸਨ ਜਿਨ੍ਹਾਂ ਕਾਰਨ ਇਹ ਨੌਜਵਾਨ ਅਜਿਹੀ ਮੁਸੀਬਤ ਵਿੱਚ ਫਸੇ।ਡਿਪੋਰਟ ਹੋਣ ਦੇ ਕਾਰਨ ਅਤੇ ਰਾਜਾਂ ਦਾ ਵੇਰਵਾ ਜਾਣਕਾਰੀ ਅਨੁਸਾਰ, ਇਹਨਾਂ ਨੌਜਵਾਨਾਂ 'ਤੇ ਆਸਟ੍ਰੇਲੀਆ ਵਿੱਚ ਕ੍ਰਿਮੀਨਲ ਕੇਸ (ਅਪਰਾਧਿਕ ਮਾਮਲੇ) ਚੱਲ ਰਹੇ ਸਨ। ਆਸਟ੍ਰੇਲੀਆਈ ਅਧਿਕਾਰੀਆਂ ਨੇ ਨਿਯਮਾਂ ਦੀ ਉਲੰਘਣਾ ਅਤੇ ਗੈਰ-ਕਾਨੂੰਨੀ ਗਤੀਵਿਧੀਆਂ ਵਿੱਚ ਸ਼ਮੂਲੀਅਤ ਦੇ ਚੱਲਦਿਆਂ ਇਹਨਾਂ ਨੂੰ ਵਾਪਸ ਭਾਰਤ ਭੇਜਣ ਦਾ ਫੈਸਲਾ ਲਿਆ ਹੈ। 15 ਭਾਰਤੀਆਂ ਦੀ ਇਸ ਸੂਚੀ ਵਿੱਚ: ਪੰਜਾਬ: 11 ਨੌਜਵਾਨ ਤੇਲੰਗਾਨਾ: 2 ਨੌਜਵਾਨਹਰਿਆਣਾ: 1 ਨੌਜਵਾਨਉੱਤਰਾਖੰਡ: 1 ਨੌਜਵਾਨਏਜੰਟਾਂ 'ਤੇ ਕੱਸਿਆ ਜਾਵੇਗਾ ਸ਼ਿਕੰਜਾਮੁੱਖ ਮੰਤਰੀ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਇਹ ਪਤਾ ਲਗਾਏਗੀ ਕਿ ਇਹਨਾਂ ਨੌਜਵਾਨਾਂ ਨੂੰ ਆਸਟ੍ਰੇਲੀਆ ਭੇਜਣ ਵਾਲੇ ਏਜੰਟ ਕੌਣ ਸਨ। ਉਨ੍ਹਾਂ ਕਿਹਾ, "ਅਸੀਂ ਇਹਨਾਂ ਬੱਚਿਆਂ ਤੋਂ ਪੁੱਛਗਿੱਛ ਕਰਾਂਗੇ ਕਿ ਉਹਨਾਂ ਦੇ ਦਸਤਾਵੇਜ਼ ਕਿਸ ਨੇ ਤਿਆਰ ਕੀਤੇ ਸਨ ਅਤੇ ਕਿਸ ਤਰ੍ਹਾਂ ਉਹਨਾਂ ਨੂੰ ਬਾਹਰ ਭੇਜਿਆ ਗਿਆ। ਜੇਕਰ ਕਿਸੇ ਟਰੈਵਲ ਏਜੰਟ ਨੇ ਉਹਨਾਂ ਨੂੰ ਧੋਖੇ ਵਿੱਚ ਰੱਖਿਆ ਹੈ ਜਾਂ ਗਲਤ ਤਰੀਕੇ ਨਾਲ ਭੇਜਿਆ ਹੈ, ਤਾਂ ਉਹਨਾਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।" ਲੋੜ ਪੈਣ 'ਤੇ ਪੰਜਾਬ ਸਰਕਾਰ ਕੇਂਦਰੀ ਵਿਦੇਸ਼ ਮੰਤਰਾਲੇ ਨਾਲ ਵੀ ਤਾਲਮੇਲ ਕਰੇਗੀ।ਮਨੋਵਿਗਿਆਨਕ ਅਤੇ ਸਮਾਜਿਕ ਪੱਖ ਮੁੱਖ ਮੰਤਰੀ ਨੇ ਮੰਨਿਆ ਕਿ ਦੇਸ਼ ਨਿਕਾਲਾ ਮਿਲਣਾ ਕਿਸੇ ਵੀ ਨੌਜਵਾਨ ਅਤੇ ਉਸਦੇ ਪਰਿਵਾਰ ਲਈ ਇੱਕ ਬਹੁਤ ਹੀ ਵੱਡਾ ਮਾਨਸਿਕ ਅਤੇ ਵਿੱਤੀ



ਕਿ ਪੰਜਾਬ ਸਰਕਾਰ ਇਹਨਾਂ ਨੌਜਵਾਨਾਂ ਦੇ ਮੁੜ ਵਸੇਬੇ (Rehabilitation) ਲਈ ਕੰਮ ਕਰੇਗੀ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਵਿਦੇਸ਼ ਜਾਣ ਵੇਲੇ ਸਹੀ ਅਤੇ ਕਾਨੂੰਨੀ ਰਸਤੇ ਅਪਣਾਉਣ ਅਤੇ ਕਿਸੇ ਵੀ ਦੇਸ਼ ਵਿੱਚ ਰਹਿ ਕੇ ਉੱਥੋਂ ਦੇ ਕਾਨੂੰਨਾਂ ਦੀ ਪਾਲਣਾ ਕਰਨ। ਅਮਰੀਕਾ ਤੋਂ ਵੀ ਹੋਈ ਸੀ ਵਾਪਸੀ ਇਸ ਤੋਂ ਪਹਿਲਾਂ ਵੀ ਅਮਰੀਕਾ ਤੋਂ 104 ਭਾਰਤੀਆਂ ਨੂੰ ਡਿਪੋਰਟ ਕੀਤਾ ਗਿਆ ਸੀ, ਜਿਨ੍ਹਾਂ ਵਿੱਚੋਂ 30 ਪੰਜਾਬੀ ਸਨ। ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਲਗਾਤਾਰ ਅਜਿਹੇ ਮਾਮਲਿਆਂ 'ਤੇ ਨਜ਼ਰ ਰੱਖ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਾ ਮੁੱਖ ਮਕਸਦ ਸੂਬੇ ਦੇ ਨੌਜਵਾਨਾਂ ਨੂੰ ਧੋਖੇਬਾਜ਼ ਏਜੰਟਾਂ ਤੋਂ ਬਚਾਉਣਾ ਅਤੇ ਉਨ੍ਹਾਂ ਨੂੰ ਆਪਣੇ ਦੇਸ਼ ਵਿੱਚ ਹੀ ਰੁਜ਼ਗਾਰ ਦੇ ਬਿਹਤਰ ਮੌਕੇ ਪ੍ਰਦਾਨ ਕਰਨਾ ਹੈ।

**Cee7news** ਝੋਨੇ ਦੀ ਸਿੱਧੀ ਬਿਜਾਈ ਲਈ 15 ਮਈ ਤੋਂ 31 ਮਈ ਤੱਕ ਦਾ ਸਮਾਂ ਤੈਅ ਅਤੇ ਕਿਸਾਨਾਂ ਨੂੰ ਮਿਲੇਗਾ ਸਰਕਾਰ ਦਾ ਸਾਥ

# ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਝੋਨੇ ਦੀ ਲਵਾਈ ਅਤੇ ਸਿੱਧੀ ਬਿਜਾਈ ਲਈ ਨਵਾਂ ਸ਼ਡਿਊਲ ਜਾਰੀ ਕਰ ਦਿੱਤਾ ਗਿਆ ਹੈ

ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਝੋਨੇ ਦੀ ਲਵਾਈ ਅਤੇ ਸਿੱਧੀ ਬਿਜਾਈ ਲਈ ਨਵਾਂ ਸ਼ਡਿਊਲ ਜਾਰੀ ਕਰ ਦਿੱਤਾ ਗਿਆ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਸ ਸੰਬੰਧੀ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕੀਤੀ ਹੈ, ਤਾਂ ਜੋ ਕਿਸਾਨ ਆਪਣੀ ਫ਼ਸਲ ਦੀ ਬਿਜਾਈ ਯੋਜਨਾਬੱਧ ਤਰੀਕੇ ਨਾਲ ਕਰ ਸਕਣ। ਹੇਠਾਂ ਦਿੱਤੀ ਜਾਣਕਾਰੀ ਇਸ ਸ਼ਡਿਊਲ ਅਤੇ ਸਰਕਾਰ ਦੀਆਂ ਤਿਆਰੀਆਂ ਦਾ ਪੂਰਾ ਵੇਰਵਾ ਹੈ:

ਝੋਨੇ ਦੀ ਲਵਾਈ ਦਾ ਸ਼ਡਿਊਲ (2026)ਪੰਜਾਬ ਸਰਕਾਰ ਨੇ ਬਿਜਲੀ ਦੀ ਬਚਤ ਅਤੇ ਧਰਤੀ ਹੇਠਲੇ ਪਾਣੀ ਦੇ ਡਿੱਗ ਰਹੇ ਪੱਧਰ ਨੂੰ ਮੁੱਖ ਰੱਖਦਿਆਂ ਪੜਾਅਵਾਰ ਝੋਨਾ ਲਾਉਣ ਦਾ ਫੈਸਲਾ ਕੀਤਾ ਹੈ।1. ਝੋਨੇ ਦੀ ਸਿੱਧੀ ਬਿਜਾਈ (DSR):ਸੂਬੇ ਵਿੱਚ ਝੋਨੇ ਦੀ ਸਿੱਧੀ ਬਿਜਾਈ 15 ਮਈ ਤੋਂ ਸ਼ੁਰੂ ਹੋਵੇਗੀ ਅਤੇ 31 ਮਈ ਤੱਕ ਜਾਰੀ ਰਹੇਗੀ। ਸਰਕਾਰ ਵੱਲੋਂ ਸਿੱਧੀ ਬਿਜਾਈ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ ਕਿਉਂਕਿ ਇਸ ਨਾਲ ਪਾਣੀ ਦੀ ਵੱਡੀ ਬਚਤ ਹੁੰਦੀ ਹੈ।

2. ਪਹਿਲਾ ਪੜਾਅ (1 ਜੂਨ ਤੋਂ):ਪਹਿਲੇ ਪੜਾਅ ਵਿੱਚ ਸਰਹੱਦੀ ਅਤੇ ਕੰਢੀ ਖੇਤਰਾਂ ਵਿੱਚ ਝੋਨੇ ਦੀ ਲਵਾਈ ਸ਼ੁਰੂ ਹੋਵੇਗੀ। ਇਸ ਵਿੱਚ ਮੁੱਖ ਤੌਰ 'ਤੇ ਹੇਠ ਲਿਖੇ ਜ਼ਿਲ੍ਹੇ ਸ਼ਾਮਲ ਹਨ:ਗੁਰਦਾਸਪੁਰਪਠਾਨਕੋਟਅੰਮ੍ਰਿਤਸਰਤਰਨ ਤਾਰਨਰੂਪਨਗਰਮੋਹਾਲੀ3. ਦੂਜਾ ਪੜਾਅ (5 ਜੂਨ ਤੋਂ):ਦੂਜੇ ਪੜਾਅ ਵਿੱਚ ਮਾਲਵਾ ਪੱਟੀ ਦੇ ਕੁਝ ਪ੍ਰਮੁੱਖ ਜ਼ਿਲ੍ਹਿਆਂ ਵਿੱਚ ਲਵਾਈ ਸ਼ੁਰੂ ਕੀਤੀ ਜਾਵੇਗੀ:ਫਰੀਦਕੋਟਬਠਿੰਡਾਫਿਰੋਜ਼ਪੁਰਮੁਕਤਸਰ ਸਾਹਿਬਫਾਜ਼ਿਲਕਾ4. ਤੀਜਾ ਅਤੇ ਆਖਰੀ ਪੜਾਅ (9 ਜੂਨ ਤੋਂ):ਬਾਕੀ ਰਹਿੰਦੇ ਜ਼ਿਲ੍ਹਿਆਂ ਵਿੱਚ 9 ਜੂਨ ਤੋਂ ਝੋਨਾ ਲਾਉਣ ਦੀ ਇਜਾਜ਼ਤ ਹੋਵੇਗੀ:ਲੁਧਿਆਣਾ, ਮਲੇਰਕੋਟਲਾ, ਮਾਨਸਾ, ਪਟਿਆਲਾ, ਮੋਗਾ, ਬਰਨਾਲਾ, ਜਲੰਧਰ, ਸੰਗਰੂਰ, ਕਪੂਰਥਲਾ ਅਤੇ ਨਵਾਂ ਸ਼ਹਿਰ। ਬਿਜਲੀ ਅਤੇ ਪਾਣੀ ਦੀ ਸਪਲਾਈਮੁੱਖ ਮੰਤਰੀ ਭਗਵੰਤ ਮਾਨ ਨੇ ਕਿਸਾਨਾਂ ਨੂੰ ਭਰੋਸਾ ਦਿੱਤਾ ਹੈ ਕਿ ਖੇਤੀਬਾੜੀ ਸੈਕਟਰ ਲਈ ਬਿਜਲੀ ਅਤੇ ਪਾਣੀ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ:

ਬਿਜਲੀ ਸਪਲਾਈ: ਝੋਨੇ ਦੇ ਸੀਜ਼ਨ ਦੌਰਾਨ ਕਿਸਾਨਾਂ ਨੂੰ ਰੋਜ਼ਾਨਾ 8 ਘੰਟੇਨਿਰਵਿਘਨ ਬਿਜਲੀ ਸਪਲਾਈ ਮੁਹੱਈਆ ਕਰਵਾਈ ਜਾਵੇਗੀ। ਇਸ ਲਈ ਪਾਵਰਕਾਮ ਨੇ ਪੂਰੀਆਂ ਤਿਆਰੀਆਂ ਕਰ ਲਈਆਂ ਹਨ। ਬਿਜਲੀ ਅਤੇ ਪਾਣੀ ਦੀ ਸਪਲਾਈ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਸਾਨਾਂ ਨੂੰ ਭਰੋਸਾ ਦਿੱਤਾ ਹੈ ਕਿ ਖੇਤੀਬਾੜੀ ਸੈਕਟਰ ਲਈ ਬਿਜਲੀ ਅਤੇ ਪਾਣੀ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ:ਬਿਜਲੀ ਸਪਲਾਈ: ਝੋਨੇ ਦੇ ਸੀਜ਼ਨ ਦੌਰਾਨ ਕਿਸਾਨਾਂ ਨੂੰ ਰੋਜ਼ਾਨਾ 8 ਘੰਟੇ ਨਿਰਵਿਘਨ ਬਿਜਲੀ ਸਪਲਾਈ ਮੁਹੱਈਆ ਕਰਵਾਈ ਜਾਵੇਗੀ।



ਇਸ ਲਈ ਪਾਵਰਕਾਮ ਨੇ ਪੂਰੀਆਂ ਤਿਆਰੀਆਂ ਕਰ ਲਈਆਂ ਹਨ।ਨਹਿਰੀ ਪਾਣੀ: ਸਰਕਾਰ ਨੇ ਨਹਿਰੀ ਪਾਣੀ ਦੀ ਵਰਤੋਂ ਨੂੰ ਵੱਧ ਤੋਂ ਵੱਧ ਯਕੀਨੀ ਬਣਾਉਣ ਲਈ 1 ਮਈ ਤੋਂ ਹੀ ਸੂਬੇ ਦੇ ਸਾਰੇ ਖਾਲ਼ਾਂ ਵਿੱਚ ਪਾਣੀ ਛੱਡਣ ਦਾ ਫੈਸਲਾ ਕੀਤਾ ਹੈ। ਇਸ ਨਾਲ ਕਿਸਾਨਾਂ ਨੂੰ ਮੋਟਰਾਂ 'ਤੇ ਨਿਰਭਰਤਾ ਘਟਾਉਣ ਵਿੱਚ ਮਦਦ ਮਿਲੇਗੀ ਅਤੇ ਧਰਤੀ ਹੇਠਲਾ ਪਾਣੀ ਵੀ ਬਚੇਗਾ।ਕਿਸਾਨਾਂ ਲਈ ਅਪੀਲ ਅਤੇ ਮਹੱਤਵਸਰਕਾਰ ਦਾ ਮੁੱਖ ਉਦੇਸ਼ ਪੰਜਾਬ ਦੇ ਡਿੱਗ ਰਹੇ ਪਾਣੀ ਦੇ ਪੱਧਰ ਨੂੰ ਬਚਾਉਣਾ ਹੈ। ਮੁੱਖ ਮੰਤਰੀ ਨੇ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਜਾਰੀ ਕੀਤੇ ਗਏ ਸ਼ਡਿਊਲ ਅਨੁਸਾਰ ਹੀ ਝੋਨੇ ਦੀ ਲਵਾਈ ਕਰਨ। ਪੜਾਅਵਾਰ ਬਿਜਾਈ ਨਾਲ ਬਿਜਲੀ ਦੇ ਗਰਿੱਡਾਂ 'ਤੇ ਇਕਦਮ ਬੋਝ ਨਹੀਂ ਪੈਂਦਾ ਅਤੇ ਕਿਸਾਨਾਂ ਨੂੰ ਲੋੜੀਂਦੀ ਵੋਲਟੇਜ ਮਿਲਦੀ ਰਹਿੰਦੀ ਹੈ।

ਇਸ ਦੇ ਨਾਲ ਹੀ, ਸਰਕਾਰ ਵੱਲੋਂ ਨਹਿਰੀ ਨੈੱਟਵਰਕ ਨੂੰ ਮਜ਼ਬੂਤ ਕੀਤਾ ਗਿਆ ਹੈ ਤਾਂ ਜੋ ਪਾਣੀ ਟੇਲਾਂ (ਆਖਰੀ ਖੇਤਾਂ) ਤੱਕ ਪਹੁੰਚ ਸਕੇ। ਕਿਸਾਨਾਂ ਨੂੰ ਸਲਾਹ ਦਿੱਤੀ ਗਈ ਹੈ ਕਿ ਉਹ ਪਾਣੀ ਦੀ ਬਚਤ ਕਰਨ ਵਾਲੀਆਂ ਤਕਨੀਕਾਂ ਅਪਣਾਉਣ ਅਤੇ ਸਿੱਧੀ ਬਿਜਾਈ ਵੱਲ ਵੱਧ ਧਿਆਨ ਦੇਣ।

ਸੰਖੇਪ ਵਿੱਚ, ਇਹ ਨਵਾਂ ਸ਼ਡਿਊਲ ਖੇਤੀਬਾੜੀ ਅਤੇ ਵਾਤਾਵਰਣ ਵਿੱਚ ਸੰਤੁਲਨ ਬਣਾਉਣ ਦੀ ਇੱਕ ਕੋਸ਼ਿਸ਼ ਹੈ, ਜਿਸ ਵਿੱਚ ਕਿਸਾਨਾਂ ਦੇ ਹਿੱਤਾਂ ਦਾ ਵੀ ਖਾਸ ਖਿਆਲ ਰੱਖਿਆ ਗਿਆ ਹੈ।


Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
9463661542, cee7news@gmail.com

## ਜਦੋਂ ਸਹਿਣਾ, ਕਰਨਾ ਸਭ 'ਕੱਲਿਆਂ ਈ ਹੈ



ਜਦੋਂ ਸਹਿਣਾ, ਕਰਨਾ ਸਭ 'ਕੱਲਿਆਂ ਈ ਹੈ,
ਫ਼ਿਰ ਉਮੀਦ ਤੇ ਨਾ-ਉਮੀਦ
ਦੋਵੇਂ ਇੱਕੋ ਜਿਹੇ ਹੀ ਹੁੰਦੇ।
ਤੁਰਦੇ ਰਹੋ...
ਸਮਰੱਥ ਸਮਾਂ ਤੁਹਾਡੀ ਉਡੀਕ ਵਿੱਚ ਹੈ।
ਫ਼ਿਰ ਉਹਨੇ ਆਪੇ ਹੀ ਤੁਹਾਡੀ ਬਾਂਹ ਫੜ੍ਹ ਕੇ
ਤੁਹਾਨੂੰ ਤੁਹਾਡੇ ਸਿਖ਼ਰ 'ਤੇ ਲੈ ਜਾਣਾ ਹੈ।
ਮਨਪਸੰਦ ਥਾਂ ਅਤੇ ਦਿਲਪਸੰਦ ਸ਼ਖ਼ਸ...
ਸਭ ਮਿਲੇਗਾ।
ਨੇਕੀਆਂ ਦੇ ਰਾਹ ਤੇ ਟੁਰਦਿਆਂ
ਵੱਟਿਆਂ ਦੀ ਮਾਰ ਸਹਿਣੀ ਈ ਪੈਂਦੀ ਹੈ...
ਜਸ ਜੀਤ ❤️

## ਜ਼ਿੰਦਗੀ ਦੀ ਲੰਬੀ ਦੌੜ ਵਿੱਚ, ਬਹੁਤ ਪਰਿਵਾਰ ਤੁਹਾਡੇ ਕਿਰਦਾਰ ਨੂੰ ਪਿਆਰ ਕਰਦੇ ਹਨ




ਜ਼ਿੰਦਗੀ ਦੀ ਲੰਬੀ ਦੌੜ ਵਿੱਚ, ਬਹੁਤ ਪਰਿਵਾਰ ਤੁਹਾਡੇ ਕਿਰਦਾਰ ਨੂੰ ਪਿਆਰ ਕਰਦੇ ਹਨ। ਜਿਵੇਂ ਤਿਤਲੀ ਫੁੱਲ ਤੇ ਬੈਠ ਕੇ ਉਸ ਫੁੱਲ ਦੇ ਖੁਸ਼ਬੂਦਾਰ ਹੋਣ ਅਤੇ ਸੋਹਣੇ ਹੋਣ ਦਾ ਵਾਰ ਵਾਰ ਐਲਾਨ ਕਰਦੀ ਹੈ .. ਓਸੇ ਤਰ੍ਹਾਂ ਤੁਹਾਡੇ ਕਿਰਦਾਰ ਨੂੰ ਪਿਆਰ ਕਰਨ ਵਾਲੇ ਲੋਕ ਸਮੇਂ ਸਮੇਂ ਤੁਹਾਨੂੰ ਫੋਨ ਕਰਕੇ, ਮਿਲ ਕੇ, ਸੁਨੇਹਾ ਭੇਜ ਕੇ ਤੁਹਾਡੀ ਸ਼ਖਸੀਅਤ ਨੂੰ ਜ਼ਿੰਦਾ ਰੱਖਦੇ ਹਨ .. ਅਤੇ ਤੁਹਾਡੇ ਚੰਗੇ ਕਿਰਦਾਰ ਦਾ ਐਲਾਨ ਕਰਦੇ ਹਨ।

ਇਹ ਦੁਨੀਆਂ ਕਿੰਨੀ ਖ਼ੂਬਸੂਰਤ ਹੈ.. ਗਲਤੀ ਇਹ ਹੈ ਸਾਡਾ ਧਿਆਨ ਤਿਤਲੀ ਛੱਡ, ਆਪਣੇ ਰੰਗ ਵੱਲ ਹੈ ਮੈਂ ਕਿਵੇਂ ਦਾ ਹਾਂ .. ਜਾਂ ਤਿਤਲੀ ਛੱਡ ਸ਼ਹਿਦ ਦੀਆਂ ਮੱਖੀਆਂ ਵੱਲ ਹੈ .. ਜੋ ਤੁਹਾਡੇ ਤੋਂ ਆਪਣਾ ਵੀ ਫ਼ਾਇਦਾ ਸੋਚਦੀਆਂ .. ਚਾਹੇ ਜ਼ਿੰਦਗੀ ਰੰਗੀਨ ਹੋਵੇ, ਚਾਹੇ ਸਫ਼ੇਦ.. ਇਹ ਨਾ ਭੁੱਲੋ ਤੁਸੀਂ "ਫੁੱਲ" ਹੋ ...ਤੁਹਾਨੂੰ ਉਤਸ਼ਾਹ ਦੇਣ ਵਾਲੇ ਤਿਤਲੀਆਂ ਵਰਗੇ ਲੋਕਾਂ ਚਾਹੇ ਸਦਾ ਤੁਹਾਡੇ ਨਾਲ ਨਹੀਂ ਰਹਿ ਸਕਦੇ ਪਰ ਇਹਨਾਂ ਵੱਲੋਂ ਦਿੱਤੀਆਂ ਹਲ੍ਹਾਸ਼ੇਰੀਆਂ ਅਤੇ ਮੁਸਕਰਾਹਟਾਂ ਦਾ ਹਮੇਸ਼ਾਂ ਸੁਆਗਤ ਕਰੋ.. ਸ਼ੁਕਰਗੁਜ਼ਾਰ ਰਹੋ.. ਖੁਸ਼ ਰਹੋ।

- ਮਨਦੀਪ ਕੌਰ ਟਾਂਗਰਾ

## * ਰਿਸ਼ਤਾ *



ਕੀ ਮੈਂ ਤੈਨੂੰ ਕਦੇ ਮਨਾਇਆ ਹੀ ਨਹੀਂ?
ਦੱਸ ਤੈਨੂੰ ਕਦੇ ਗਲ ਲਾਇਆ ਨਹੀਂ?

ਰੋਂਦੀ ਨੂੰ ਤੂੰ ਮੈਨੂੰ ਛੱਡਿਆ ਲੱਖ ਵਾਰੀ!
ਕੀ ਮੈਂ ਦੱਸ ਇਸ਼ਕ ਦਾ ਹਾੜ੍ਹਾ ਪਾਇਆ ਨਹੀਂ?

ਇਹ ਅੱਖੀਆਂ ਚੋਂ ਵਹਿੰਦਾ ਜੋ ਨੀਰ ਤੇਰੇ ਲਈ?
ਕੀ ਤੈਨੂੰ ਮਨੌਣ ਦਾ ਤਰਲਾ ਨਜ਼ਰ ਆਇਆ ਨਹੀਂ?

ਮੇਰੇ ਤਾਂ ਸਾਹ ਵੀ ਤੈਨੂੰ ਵੇਖ ਚਲਦੇ ਨੇ,
ਕੀ ਸਾਹਾਂ ਵਿੱਚ ਤੈਨੂੰ ਵਸਾਇਆ ਨਹੀਂ?

ਧੜਕਣਾ ਦਾ ਸ਼ੋਰ ਮੈਨੂੰ ਕੰਨਾ ਵਿੱਚ ਸੁਣੇ,
ਕੀ ਦਿਲ ਦੇ ਹਰ ਕੋਨੇ 'ਚ ਨਾਮ ਤੇਰਾ ਲਿਖਾਇਆ ਨਹੀਂ?

ਟੁੱਟੇ ਹੌਸਲੇ ਵੀ ਸਹੇ ਮੈਂ ਹਰ ਵਾਰੀ ਮਹਿਰਮਾਂ,
ਕੀ ਮੈਂ ਦਰਦਾਂ ਨੂੰ ਵੀ ਗੀਤ ਬਣਾਇਆ ਨਹੀਂ?

" ਤੂੰ ਰੁਸਦਾ ਰਿਹਾ ਭਾਵੇਂ ਬੇਵਜ੍ਹਾ ਸਾਰੀ ਉਮਰ",
ਦੱਸ ਰਾਣੂ ਮੈਂ ਪਿਆਰ ਦਾ ਰਿਸ਼ਤਾ ਨਿਭਾਇਆ ਨਹੀਂ..?
ਗੁਰਜੀਤ ਕੌਰ ਰਾਣੂ..

## ਜ਼ਿੰਦਗੀ ਬਦਲਣ ਵਾਲੇ ਅਣਮੁੱਲੇ ਵਿਚਾਰ



**ਹਾਰ...**


ਜਦੋਂ ਹਾਰ ਹੁੰਦੀ ਦੇਖ ਕੇ ਘਬਰਾਹਟ ਹੋਣੋ ਹਟ ਜਾਵੇ ਅਤੇ ਹਾਰ ਨੂੰ ਜਿੱਤ 'ਚ ਬਦਲਣ ਲਈ ਜ਼ਿੱਦ ਫੜੀ ਹੋਵੇ ਤਾਂ ਬੰਦਾ ਕਦੀ ਨਹੀਂ ਹਾਰਦਾ॥ ਜਿੱਤ ਦਾ ਜਸ਼ਨ ਮਨਾਉਣਾ ਅਤੇ ਹਾਰ ਨੂੰ ਸਵਿਕਾਰਨਾ ਆ ਗਿਆ ਤਾਂ ਸਮਝੋ ਤੁਸੀਂ ਚੜ੍ਹਦੀਕਲਾ 'ਚ ਜਿਊਂ ਰਹੇ ਹੋ॥ ਹਾਰ 'ਚੋਂ ਮਿਲਿਆ ਤਜ਼ਰਬਾ ਭਵਿੱਖ ਲਈ ਵਰਤਣਾ ਸਿੱਖ ਲਓ। ਜਿੱਤ ਦੀਆਂ ਪੌੜੀਆਂ ਚੜ੍ਹਨ 'ਚ ਕੰਮ ਆਵੇਗਾ॥

**ਹਰਿਆਲੀ...**

ਸੋਚਾਂ 'ਚ ਹਰਿਆਲੀ ਦਾ ਖਿਆਲ ਬਰਕਰਾਰ ਰਹੇ ਤਾਂ ਬੰਦਾ ਹਾਰ ਨੂੰ ਵੀ ਜਿੱਤ 'ਚ ਬਦਲਣ ਦਾ ਯਤਨ ਜਾਰੀ ਰੱਖਦੈ। ਹਰਾ ਹਰਾ ਦੇਖਣ ਦੀ ਆਦਤ ਵਾਲੇ ਅਕਸਰ ਪਿਛੜ ਜਾਂਦੇ ਨੇ॥ ਹਰਿਆਲੀ ਦੇ ਅੰਗ ਸੰਗ ਜਿਊਣਾ ਸ਼ੁਰੂ ਕਰ ਦਿਓ। ਭੁੱਖ ਦੀ ਚਿੰਤਾ ਕਦੀ ਨਹੀਂ ਸਤਾਵੇਗੀ। ਸੁਭਾਅ ਹਰਿਆਲੀ ਪਸੰਦ ਹੋਵੇ ਤਾਂ ਮਿੱਟੀ 'ਚੋਂ ਵੀ ਖੁਸ਼ਬੂ ਆਉਣ ਲੱਗ ਪੈਂਦੀ ਹੈ॥ ਕੁਦਰਤ ਨਾਲ ਮੁਹੱਬਤ ਪਾ ਕੇ ਦੇਖੋ ਹਰਿਆਲੀ ਦਾ ਆਨੰਦ ਆਪੇ ਆਉਣਾ ਸ਼ੁਰੂ ਹੋ ਜਾਵੇਗਾ॥

-ਦਰਸ਼ਨ ਸਿੰਘ ਬਰੇਟਾ
ਪ੍ਰਿੰਸੀਪਲ/ਜ਼ਿਲਾ ਆਰ. ਕਮਿਸ਼ਨਰ ਮਾਨਸਾ।

# ਮੈਂ ਇਲਾਹਾਬਾਦ ਵਿੱਚ ਸੀ। ਇੱਕ ਮਿੱਤਰ ਮੇਰੇ ਸਾਹਮਣੇ ਹੀ ਬੈਠ ਕੇ ਮੈਨੂੰ ਸੁਣ ਰਹੇ ਸਨ। ਲੱਖਾਂ ਲੋਕਾਂ ਨੇ ਮੈਨੂੰ ਮੇਰੇ ਸਾਹਮਣੇ ਬੈਠ ਕੇ ਸੁਣਿਆ ਹੈ;



ਮੈਂ ਇਲਾਹਾਬਾਦ ਵਿੱਚ ਸੀ। ਇੱਕ ਮਿੱਤਰ ਮੇਰੇ ਸਾਹਮਣੇ ਹੀ ਬੈਠ ਕੇ ਮੈਨੂੰ ਸੁਣ ਰਹੇ ਸਨ। ਲੱਖਾਂ ਲੋਕਾਂ ਨੇ ਮੈਨੂੰ ਮੇਰੇ ਸਾਹਮਣੇ ਬੈਠ ਕੇ ਸੁਣਿਆ ਹੈ; ਬਹੁਤ ਘੱਟ ਅਜਿਹੇ ਲੋਕ ਹਨ, ਜਿਨ੍ਹਾਂ ਨੇ ਇੰਨੇ ਭਾਵ ਨਾਲ ਸੁਣਿਆ ਹੋਵੇ ਜਿਸ ਭਾਵ ਨਾਲ ਉਹ ਸੁਣ ਰਹੇ ਸਨ। ਉਹਨਾਂ ਦੀਆਂ ਅੱਖਾਂ ਵਿੱਚੋਂ ਹੰਝੂਆਂ ਦੀ ਧਾਰਾ ਵਹਿ ਰਹੀ ਸੀ। ਅਚਾਨਕ ਵਿਚਕਾਰੋਂ ਹੀ ਉੱਠੇ ਅਤੇ ਸਭਾ-ਭਵਨ ਛੱਡ ਕੇ ਚਲੇ ਗਏ! ਮੈਂ ਥੋੜ੍ਹਾ ਹੈਰਾਨ ਹੋਇਆ: ਇਹ ਕੀ ਹੋਇਆ? ਪੁੱਛਗਿੱਛ ਕੀਤੀ। ਪ੍ਰਬੰਧਕ ਨੂੰ ਕਿਹਾ।

ਉਹ ਬੜੇ ਪ੍ਰਸਿੱਧ ਵਿਅਕਤੀ ਸਨ, ਮੈਂ ਤਾਂ ਜਾਣਦਾ ਨਹੀਂ ਸੀ। ਸਾਹਿਤਕਾਰ ਸਨ, ਕਵੀ ਸਨ, ਲੇਖਕ ਸਨ। ਪ੍ਰਬੰਧਕ ਨੇ ਉਹਨਾਂ ਦੇ ਘਰ ਜਾ ਕੇ ਪੁੱਛਿਆ।

ਉਹਨਾਂ ਨੇ ਕਿਹਾ: 'ਬਾਬਾ ਮਾਫ਼ ਕਰੋ! ਮੈਂ ਘਬਰਾ ਗਿਆ ਹਾਂ। ਵੀਹ ਮਿੰਟਾਂ ਬਾਅਦ ਮੈਂ ਸੋਚਿਆ, ਹੁਣ ਇੱਥੋਂ ਭੱਜ ਜਾਣਾ ਹੀ ਠੀਕ ਹੈ। ਜੇ ਥੋੜ੍ਹੀ ਦੇਰ ਹੋਰ ਰਿਹਾ ਤਾਂ ਕੁਝ ਤੋਂ ਕੁਝ ਹੋ ਜਾਵੇਗਾ। ਇਸ ਆਦਮੀ ਦਾ ਤਾਂ ਸਿਰ ਫਿਰਿਆ ਹੋਇਆ ਹੈ, ਮੇਰਾ ਵੀ ਫਿਰਾ ਦੇਵੇਗਾ। ਆਵਾਂਗਾ; ਹੁਣੇ ਨਹੀਂ। ਜ਼ਰੂਰ ਆਵਾਂਗਾ, ਪਰ ਥੋੜ੍ਹਾ ਸਮਾਂ ਦਿਓ। ਅਤੇ ਦੋ ਰਾਤਾਂ ਤੋਂ ਮੈਂ ਸੌਂ ਨਹੀਂ ਸਕਿਆ ਹਾਂ। ਉਹੀ ਗੱਲਾਂ ਮੇਰੇ ਸਿਰ ਵਿੱਚ ਗੂੰਜ ਰਹੀਆਂ ਹਨ। ਨਹੀਂ, ਹਾਲੇ ਮੇਰੇ ਕੋਲ ਬਹੁਤ ਕੰਮ ਕਰਨੇ ਬਾਕੀ ਪਏ ਹਨ। ਹਾਲੇ ਬੱਚੇ ਛੋਟੇ ਹਨ। ਹਾਲੇ ਘਰ-ਗ੍ਰਹਿਸਥੀ ਸੰਭਾਲਣੀ ਹੈ। ਜ਼ਰੂਰ ਆਵਾਂਗਾ, ਤੁਸੀਂ ਜਾਓ! ਉਹਨਾਂ ਨੂੰ ਕਹਿਣਾ ਜ਼ਰੂਰ ਆਵਾਂਗਾ; ਪਰ ਹਾਲੇ ਨਹੀਂ।'

ਜਦੋਂ ਕੋਈ ਤੁਹਾਨੂੰ ਕਹਿੰਦਾ ਹੈ ਕਿ ਤੁਹਾਡਾ ਸਿਰ ਫਿਰ ਗਿਆ ਹੈ, ਤਾਂ ਉਹ ਸਿਰਫ਼ ਆਪਣੀ ਆਤਮ-ਰੱਖਿਆ ਕਰ ਰਿਹਾ ਹੁੰਦਾ ਹੈ। ਉਹ ਇਹ ਕਹਿ ਰਿਹਾ ਹੁੰਦਾ ਹੈ ਕਿ ਅਜਿਹਾ ਮੰਨ ਕੇ ਕਿ ਤੁਹਾਡਾ ਸਿਰ ਫਿਰ ਗਿਆ ਹੈ, ਮੈਂ ਆਪਣੀ ਖਿੱਚ (ਆਕਰਸ਼ਣ) ਨੂੰ ਰੋਕਦਾ ਹਾਂ। ਉਸਦੇ ਅੰਦਰ ਵੀ ਅਥਾਹ ਇੱਛਾ ਹੈ।

ਕੌਣ ਹੈ ਅਜਿਹਾ ਜੋ ਪਰਮਾਤਮਾ ਨੂੰ ਖੋਜਣ ਨਹੀਂ ਤੁਰਿਆ! ਕੌਣ ਹੈ ਅਜਿਹਾ ਜੋ ਆਨੰਦ ਦਾ ਪਿਆਸਾ ਨਹੀਂ ਹੈ! ਕੌਣ ਹੈ ਅਜਿਹਾ ਜਿਸ ਨੂੰ ਸੱਚ ਦੀ ਚਾਹਤ ਨਹੀਂ ਹੈ! ਅਜਿਹਾ ਕਦੇ ਕੋਈ ਹੋਇਆ ਹੀ ਨਹੀਂ ਹੈ। ਜਿਨ੍ਹਾਂ ਨੂੰ ਤੁਸੀਂ ਨਾਸਤਿਕ ਕਹਿੰਦੇ ਹੋ, ਉਹ ਉਹੀ ਲੋਕ ਹਨ ਜੋ ਘਬਰਾ ਗਏ ਹਨ; ਉਹ ਉਹੀ ਲੋਕ ਹਨ ਜੋ ਕਹਿੰਦੇ ਹਨ, ਨਹੀਂ, ਕੋਈ ਪਰਮਾਤਮਾ ਨਹੀਂ ਹੈ। ਕਿਉਂਕਿ ਜੇ ਪਰਮਾਤਮਾ ਨੂੰ ਇਨਕਾਰ ਨਾ ਕਰਨ ਤਾਂ ਖੋਜ ਲਈ ਜਾਣਾ ਪਵੇਗਾ।

ਮੇਰਾ ਆਪਣਾ ਅਨੁਭਵ ਇਹ ਹੈ ਕਿ ਨਾਸਤਿਕ ਦੇ ਅੰਦਰ ਕਥਿਤ ਆਸਤਿਕਾਂ ਨਾਲੋਂ ਸੱਚ ਦੀ ਖੋਜ ਦੀ ਜ਼ਿਆਦਾ ਡੂੰਘੀ ਤੜਪ ਹੁੰਦੀ ਹੈ। ਉਹ ਮੰਦਰ ਜਾਣ ਤੋਂ ਡਰਦਾ ਹੈ, ਤੁਸੀਂ ਡਰਦੇ ਹੀ ਨਹੀਂ। ਤੁਸੀਂ ਡਰਦੇ ਨਹੀਂ, ਕਿਉਂਕਿ ਤੁਹਾਡੇ ਅੰਦਰ ਕੋਈ ਅਜਿਹੀ ਪ੍ਰਬਲ ਇੱਛਾ ਨਹੀਂ ਕਿ ਤੁਸੀਂ ਪਾਗਲ ਹੋ ਜਾਓਗੇ। ਤੁਸੀਂ ਮੰਦਰ ਇੰਝ ਹੋ ਆਉਂਦੇ ਹੋ ਜਿਵੇਂ ਤੁਸੀਂ ਦੁਕਾਨ ਚਲੇ ਜਾਂਦੇ ਹੋ। ਤੁਸੀਂ ਮੰਦਰ ਦੇ ਬਾਹਰ-ਅੰਦਰ ਹੋ ਲੈਂਦੇ ਹੋ, ਤੁਹਾਡੇ 'ਤੇ ਕੋਈ ਅਸਰ ਨਹੀਂ ਹੁੰਦਾ।

ਨਾਸਤਿਕ ਉਹ ਵਿਅਕਤੀ ਹੈ ਜੋ ਜਾਣਦਾ ਹੈ ਕਿ ਜੇ ਮੰਦਰ ਗਿਆ ਤਾਂ ਵਾਪਸ ਨਹੀਂ ਪਰਤ ਸਕੇਗਾ; ਗਿਆ ਤਾਂ ਪਹਿਲਾਂ ਵਰਗਾ ਵਾਪਸ ਨਹੀਂ ਪਰਤ ਸਕੇਗਾ। ਤਾਂ ਇੱਕੋ ਉਪਾਇ ਹੈ: ਉਹ ਕਹਿੰਦਾ ਹੈ, 'ਈਸ਼ਵਰ ਨਹੀਂ ਹੈ! ਧਰਮ ਸਭ ਪਖੰਡ ਹੈ!' ਉਹ ਆਪਣੇ ਆਪ ਨੂੰ ਬਚਾ ਰਿਹਾ ਹੈ, ਸਮਝਾ ਰਿਹਾ ਹੈ ਕਿ ਜਦੋਂ ਈਸ਼ਵਰ ਹੈ ਹੀ ਨਹੀਂ, ਤਾਂ ਮੰਦਰ ਜਾਣਾ ਕਿਉਂ? ਈਸ਼ਵਰ ਹੈ ਹੀ ਨਹੀਂ ਤਾਂ ਕਿਉਂ ਉਲਝਣ ਵਿੱਚ ਪੈਣਾ? ਫਿਰ ਧਿਆਨ ਕਿਉਂ, ਪ੍ਰਾਰਥਨਾ ਕਿਉਂ?

ਮੇਰੀ ਨਜ਼ਰ ਵਿੱਚ, ਨਾਸਤਿਕ ਦੇ ਅੰਦਰ ਆਤਮ-ਰੱਖਿਆ ਚੱਲ ਰਹੀ ਹੈ। ਮੈਂ ਹੁਣ ਤੱਕ ਕੋਈ ਅਜਿਹਾ ਨਾਸਤਿਕ ਨਹੀਂ ਦੇਖਿਆ ਜੋ ਅਸਲ ਵਿੱਚ ਨਾਸਤਿਕ ਹੋਵੇ। ਬੰਦਾ ਨਾਸਤਿਕ ਹੋ ਕਿਵੇਂ ਸਕਦਾ ਹੈ? ਨਾਸਤਿਕ ਦਾ ਅਰਥ ਤਾਂ ਇਹ ਹੋਇਆ ਕਿ ਕੋਈ ਆਦਮੀ 'ਨਹੀਂ' ਦੇ ਅੰਦਰ ਰਹਿਣ ਦੀ ਕੋਸ਼ਿਸ਼ ਕਰ ਰਿਹਾ ਹੈ। 'ਨਹੀਂ' ਦੇ ਅੰਦਰ ਕੋਈ ਕਿਵੇਂ ਰਹਿ ਸਕਦਾ ਹੈ? ਨਾਸਤਿਕਤਾ ਵਿੱਚ ਕੋਈ ਕਿਵੇਂ ਜੀਅ ਸਕਦਾ ਹੈ? ਜੀਉਣ ਲਈ 'ਹਾਂ' ਚਾਹੀਦੀ ਹੈ। 'ਨਹੀਂ' ਵਿੱਚ ਕਿਤੇ ਫੁੱਲ ਖਿੜਦੇ ਹਨ? 'ਹਾਂ' ਚਾਹੀਦੀ ਹੈ!

— ਓਸ਼ੋ 🍀 (ਅਨੁਵਾਦ: #ਮੀਤ_ਅਨਮੋਲ)

# ਆਪਣੀਆਂ ਬਣਾਈਆਂ ਹੱਦਾਂ ਤੋਂ ਬਾਹਰ: ਇੱਕ ਨਵੀਂ ਸ਼ੁਰੂਆਤ



ਅਕਸਰ ਸਿਆਲਾਂ ਦੀਆਂ ਸਵੇਰਾਂ ਵਿੱਚ ਨਿੱਘੀ ਰਜਾਈ ਵਿੱਚੋਂ ਨਿਕਲਣ ਦਾ ਬਿਲਕੁਲ ਜੀਅ ਨਹੀਂ ਕਰਦਾ। ਉਹ ਨਿੱਘ, ਉਹ ਸਕੂਨ ਇੰਨਾ ਪਿਆਰਾ ਲੱਗਦਾ ਹੈ ਕਿ ਬਾਹਰ ਦੀ ਠੰਡੀ ਹਵਾ ਤੋਂ ਡਰ ਲੱਗਣ ਲੱਗ ਪੈਂਦਾ ਹੈ। ਸਾਡੀ ਜ਼ਿੰਦਗੀ ਦਾ ਕੰਫਰਟ ਜ਼ੋਨ ਵੀ ਬਿਲਕੁਲ ਇਸੇ ਰਜਾਈ ਵਰਗਾ ਹੈ। ਇਹ ਸਾਨੂੰ ਇੱਕ ਅਜਿਹੇ ਸੁਰੱਖਿਅਤ ਦਾਇਰੇ ਵਿੱਚ ਕੈਦ ਕਰ ਲੈਂਦਾ ਹੈ, ਜਿੱਥੇ ਸਭ ਕੁਝ ਜਾਣਿਆ-ਪਛਾਣਿਆ ਤੇ ਸੌਖਾ ਲੱਗਦਾ ਹੈ। ਪਰ ਸੱਚ ਜਾਣਿਓ, ਜਿੰਨੀ ਦੇਰ ਅਸੀਂ ਉਸ ਨਿੱਘੀ ਰਜਾਈ ਵਿੱਚੋਂ ਬਾਹਰ ਪੈਰ ਨਹੀਂ ਰੱਖਦੇ, ਅਸੀਂ ਚੜ੍ਹਦੇ ਸੂਰਜ ਦੀ ਲਾਲੀ ਤੇ ਨਵੀਂ ਸਵੇਰ ਦੀ ਤਾਜ਼ਗੀ ਨੂੰ ਕਦੇ ਮਹਿਸੂਸ ਨਹੀਂ ਕਰ ਸਕਦੇ। ਕਈ ਵਾਰੀ ਸਾਡਾ ਇਹ ਆਦਤਾਂ ਦਾ ਦਾਇਰਾ ਇੰਨਾ ਮਜ਼ਬੂਤ ਹੋ ਜਾਂਦਾ ਹੈ ਕਿ ਇਹ ਸਾਨੂੰ ਕੁੱਝ ਵੀ ਨਵਾਂ ਜਾਂ ਵੱਖਰਾ ਨਹੀਂ ਕਰਨ ਦਿੰਦਾ। ਅਸੀਂ ਬੱਸ ਇੱਕੋ ਲੀਹ 'ਤੇ ਤੁਰਦੇ ਰਹਿੰਦੇ ਹਾਂ, ਅੰਦਰੋਂ-ਅੰਦਰੀਂ ਘੁੱਟਦੇ ਹੋਏ, ਇਹ ਸੋਚ ਕੇ ਕਿ ਛੱਡ ਯਾਰ, ਜਿਵੇਂ ਚੱਲਦਾ ਪਿਆ, ਚੱਲਣ ਦੇ।

ਜਦੋਂ ਮੈਂ ਪਿੱਛੇ ਮੁੜ ਕੇ ਆਪਣੀ ਜ਼ਿੰਦਗੀ ਦੇ ਸਫ਼ਰ ਵੱਲ ਝਾਤ ਮਾਰਦਾ ਹਾਂ, ਤਾਂ ਮੈਨੂੰ ਆਪਣੇ ਅੰਦਰਲਾ ਉਹ ਡਰ ਸਾਫ਼ ਨਜ਼ਰ ਆਉਂਦਾ ਹੈ ਜਿਸਨੇ ਕਈ ਵਰ੍ਹੇ ਮੇਰੇ ਪੈਰ ਬੰਨ੍ਹ ਕੇ ਰੱਖੇ। ਇੱਕ ਅਜੀਬ ਜਿਹਾ ਖੌਫ਼ ਰਹਿੰਦਾ ਸੀ ਕਿ ਜੇ ਮੈਂ ਕੁਝ ਨਵਾਂ ਸ਼ੁਰੂ ਕੀਤਾ ਤੇ ਫੇਲ੍ਹ ਹੋ ਗਿਆ ਤਾਂ ਕੀ ਬਣੇਗਾ? ਲੋਕ ਕੀ ਕਹਿਣਗੇ? ਕਿਤੇ ਜੋ ਮੇਰੇ ਕੋਲ ਅੱਜ ਹੈ, ਉਹ ਵੀ ਨਾ ਖੁੱਸ ਜਾਵੇ। ਅਸੀਂ ਆਪਣੇ ਆਲੇ-ਦੁਆਲੇ ਦੇਖੀਏ ਤਾਂ ਕਿੰਨੇ ਹੀ ਲੋਕ ਅਜਿਹੇ ਮਿਲਣਗੇ ਜੋ ਸਾਲਾਂ ਤੋਂ ਇੱਕੋ ਜਿਹੀ ਨੌਕਰੀ ਕਰ ਰਹੇ ਨੇ, ਭਾਵੇਂ ਉਹਨਾਂ ਦਾ ਦਿਲ ਅੰਦਰੋਂ ਰੋਜ਼ ਰੋਂਦਾ ਹੈ, ਬੌਸ ਦੀਆਂ ਝਿੜਕਾਂ ਸੁਣਦੇ ਨੇ, ਪਰ ਉਹ ਨੌਕਰੀ ਛੱਡ ਕੇ ਆਪਣੇ ਸੁਪਨਿਆਂ ਵੱਲ ਕਦਮ ਵਧਾਉਣ ਤੋਂ ਡਰਦੇ ਨੇ। ਕਿਉਂਕਿ ਉਹ ਬੱਝੀ ਹੋਈ ਤਨਖ਼ਾਹ ਉਹਨਾਂ ਦਾ ਕੰਫਰਟ ਜ਼ੋਨ ਬਣ ਚੁੱਕੀ ਹੈ। ਕੋਈ ਆਪਣੇ ਟੁੱਟ ਚੁੱਕੇ ਤੇ ਜ਼ਹਿਰੀਲੇ ਰਿਸ਼ਤੇ ਵਿੱਚੋਂ ਬਾਹਰ ਨਹੀਂ ਆਉਣਾ ਚਾਹੁੰਦਾ, ਕਿਉਂਕਿ ਉਸਨੂੰ ਇਕੱਲਤਾ ਤੋਂ ਡਰ ਲੱਗਦਾ ਹੈ। ਅਸੀਂ ਅਣਜਾਣ ਰਾਹਾਂ ਤੋਂ ਇੰਨਾ ਡਰਦੇ ਹਾਂ ਕਿ ਆਪਣੀ ਰੂਹ ਨੂੰ ਰੋਜ਼ ਥੋੜ੍ਹਾ-ਥੋੜ੍ਹਾ ਮਰਨ ਦਿੰਦੇ ਹਾਂ, ਪਰ ਕੋਈ ਨਵਾਂ ਕਦਮ ਚੁੱਕਣ ਦੀ ਹਿੰਮਤ ਨਹੀਂ ਕਰਦੇ।

ਪਰ ਜ਼ਿੰਦਗੀ ਦੇ ਤਜਰਬੇ ਨੇ ਇੱਕ ਬਹੁਤ ਡੂੰਘੀ ਗੱਲ ਸਿਖਾਈ ਹੈ ਕਿ ਜਦੋਂ ਵੀ ਕੁਝ ਵੱਡਾ ਜਾਂ ਖ਼ੂਬਸੂਰਤ ਹਾਸਲ ਹੋਇਆ ਹੈ, ਉਹ ਇਸ ਕੰਫਰਟ ਜ਼ੋਨ ਦੀ ਲਕੀਰ ਟੱਪ ਕੇ ਹੀ ਮਿਲਿਆ ਹੈ। ਕਾਮਯਾਬੀ ਕਦੇ ਵੀ ਜਾਣੇ-ਪਛਾਣੇ, ਸੌਖੇ ਰਾਹਾਂ 'ਤੇ ਪਈ ਨਹੀਂ ਮਿਲਦੀ। ਜਦੋਂ ਕੋਈ ਨਵਾਂ ਮੌਕਾ ਸਾਡਾ ਬੂਹਾ ਖੜਕਾਉਂਦਾ ਹੈ, ਤਾਂ ਉਹ ਆਪਣੇ ਨਾਲ ਥੋੜ੍ਹੀ ਘਬਰਾਹਟ ਤੇ ਬਹੁਤ ਸਾਰੀਆਂ ਚੁਣੌਤੀਆਂ ਜ਼ਰੂਰ ਲੈ ਕੇ ਆਉਂਦਾ ਹੈ। ਉਸ ਵੇਲੇ ਸਾਡਾ ਦਿਲ ਜ਼ੋਰ-ਜ਼ੋਰ ਦੀ ਧੜਕਦਾ ਹੈ, ਲੱਤਾਂ ਕੰਬਦੀਆਂ ਨੇ, ਪਰ ਅਸਲ ਵਿੱਚ ਉਹੀ ਧੜਕਣ ਇਸ ਗੱਲ ਦਾ ਸਬੂਤ ਹੁੰਦੀ ਹੈ ਕਿ ਅਸੀਂ ਜਿਊਂਦੇ ਹਾਂ ਅਤੇ ਕੁਝ ਨਵਾਂ ਸਿੱਖਣ ਜਾ ਰਹੇ ਹਾਂ। ਜੇਕਰ ਜ਼ਿੰਦਗੀ ਵਿੱਚ ਵਾਕਈ ਕਾਮਯਾਬ ਹੋਣਾ ਹੈ ਅਤੇ ਅਸਲ ਸਕੂਨ ਮਹਿਸੂਸ ਕਰਨਾ ਹੈ, ਤਾਂ ਨਵੇਂ ਮੌਕਿਆਂ ਤੋਂ ਕਿਨਾਰਾ ਨਾ ਕਰੋ। ਜਦੋਂ ਵੀ ਕੋਈ ਨਵਾਂ ਰਸਤਾ ਲੱਭੇ, ਜਿਸ ਵਿੱਚ ਤੁਹਾਡੇ ਸੁਪਨਿਆਂ ਦੀ ਉਡਾਣ ਹੋਵੇ, ਤਾਂ ਉਸਨੂੰ ਬਿਨਾਂ ਝਿਜਕ ਖੁੱਲ੍ਹੀਆਂ ਬਾਹਾਂ ਨਾਲ ਜੀ ਆਇਆਂ ਕਹੋ।

ਹੁਣ ਸਵਾਲ ਇਹ ਉੱਠਦਾ ਹੈ ਕਿ ਇਸ ਕੰਫਰਟ ਜ਼ੋਨ ਦੇ ਜਾਲ ਵਿੱਚੋਂ ਬਾਹਰ ਕਿਵੇਂ ਆਇਆ ਜਾਵੇ? ਇਸਦਾ ਮਤਲਬ ਇਹ ਬਿਲਕੁਲ ਨਹੀਂ ਕਿ ਤੁਸੀਂ ਅੱਖਾਂ ਬੰਦ ਕਰਕੇ ਕਿਸੇ ਡੂੰਘੇ ਸਮੁੰਦਰ ਵਿੱਚ ਛਾਲ ਮਾਰ ਦੇਵੋ। ਸ਼ੁਰੂਆਤ ਹਮੇਸ਼ਾ ਨਿੱਕੇ-ਨਿੱਕੇ ਕਦਮਾਂ ਨਾਲ ਹੁੰਦੀ ਹੈ। ਸਭ ਤੋਂ ਪਹਿਲੀ ਤਕਨੀਕ ਹੈ ਆਪਣੀ ਰੋਜ਼ਾਨਾ ਦੀ ਬੱਝੀ ਹੋਈ ਰੁਟੀਨ ਨੂੰ ਥੋੜ੍ਹਾ ਜਿਹਾ ਤੋੜਨਾ। ਜੇਕਰ ਤੁਸੀਂ ਰੋਜ਼ ਇੱਕੋ ਰਾਹ ਤੋਂ ਦਫ਼ਤਰ ਜਾਂਦੇ ਹੋ, ਤਾਂ ਕਦੇ ਕੋਈ ਨਵਾਂ ਰਸਤਾ ਚੁਣ ਕੇ ਦੇਖੋ। ਜੇ ਕਿਸੇ ਅਣਜਾਣ ਨਾਲ ਗੱਲ ਕਰਨ ਤੋਂ ਝਿਜਕਦੇ ਹੋ, ਤਾਂ ਹਿੰਮਤ ਕਰਕੇ ਪਹਿਲ ਕਰੋ। ਆਪਣੇ ਆਪ ਨੂੰ ਰੋਜ਼ ਇੱਕ ਅਜਿਹਾ ਛੋਟਾ ਜਿਹਾ ਕੰਮ ਕਰਨ ਦੀ ਚੁਣੌਤੀ ਦਿਓ, ਜਿਸ ਤੋਂ ਤੁਹਾਨੂੰ ਡਰ ਲੱਗਦਾ ਹੈ ਜਾਂ ਜਿਸਨੂੰ ਕਰਨ ਵਿੱਚ ਤੁਹਾਨੂੰ ਆਲਸ ਆਉਂਦਾ ਹੈ। ਜਦੋਂ ਅਸੀਂ ਇਹ ਛੋਟੀਆਂ-ਛੋਟੀਆਂ ਜਿੱਤਾਂ ਪ੍ਰਾਪਤ ਕਰਦੇ ਹਾਂ, ਤਾਂ ਸਾਡਾ ਦਿਮਾਗ਼ ਵੱਡੀਆਂ ਤਬਦੀਲੀਆਂ ਲਈ ਆਪਣੇ-ਆਪ ਤਿਆਰ ਹੋਣ ਲੱਗ ਪੈਂਦਾ ਹੈ।ਮੈਨੂੰ ਆਪਣੀ ਜ਼ਿੰਦਗੀ ਦਾ ਇੱਕ ਹੋਰ ਤਜਰਬਾ ਯਾਦ ਆਉਂਦਾ ਹੈ। ਮੈਂ ਕਲਾਸੀਕਲ ਗਿਟਾਰ ਸਿੱਖਣ ਦਾ ਮਨ ਬਣਾਇਆ। ਸੌਖਾ ਰਾਹ ਇਹ ਸੀ ਕਿ ਕੁਝ ਆਮ ਤਾਰਾਂ (chords) ਸਿੱਖ ਕੇ ਗੁਜ਼ਾਰਾ ਕਰ ਲਿਆ ਜਾਂਦਾ, ਜੋ ਕਿ ਬਹੁਤੇ ਲੋਕ ਕਰਦੇ ਹਨ। ਇਹ ਮੇਰੇ ਲਈ ਬਹੁਤ ਸੌਖਾ ਤੇ ਕੰਫਰਟ ਜ਼ੋਨ ਵਾਲਾ ਕੰਮ ਸੀ। ਪਰ ਮੈਂ ਔਖਾ ਰਾਹ ਚੁਣਿਆ ਅਤੇ ਬਾਕਾਇਦਾ ਅਕਾਦਮਿਕ ਤਰੀਕੇ ਨਾਲ ਮਿਊਜ਼ਿਕ ਨੋਟੇਸ਼ਨ (standard music notation) ਸਿੱਖਣ ਦਾ ਫ਼ੈਸਲਾ ਕੀਤਾ। ਸ਼ੁਰੂਆਤੀ ਦਿਨਾਂ ਵਿੱਚ ਕਾਗਜ਼ 'ਤੇ ਬਣੇ ਉਹ ਚਿੰਨ੍ਹ ਮੈਨੂੰ ਕਿਸੇ ਅਣਜਾਣ ਭਾਸ਼ਾ ਵਾਂਗ ਡਰਾਉਂਦੇ ਸਨ। ਕਈ ਵਾਰ ਉਂਗਲਾਂ ਇੰਨੀਆਂ ਦੁਖਦੀਆਂ ਕਿ ਲੱਗਦਾ ਛੱਡ ਦੇਵਾਂ, ਦਿਮਾਗ ਕਹਿੰਦਾ ਸੀ ਕਿਉਂ ਬਿਨਾਂ ਗੱਲੋਂ ਮੁਸੀਬਤ ਸਹੇੜੀ ਹੈ। ਪਰ ਮੈਂ ਉਸ ਤਕਲੀਫ਼ ਨੂੰ ਸਹਿਣ ਕੀਤਾ। ਜਦੋਂ ਮਹੀਨਿਆਂ ਦੀ ਖੱਜਲ-ਖੁਆਰੀ ਤੋਂ ਬਾਅਦ ਮੇਰੀਆਂ ਉਂਗਲਾਂ ਨੇ ਕਾਗਜ਼ 'ਤੇ ਲਿਖੀ ਧੁਨ ਨੂੰ ਤਾਰਾਂ 'ਤੇ ਹੂ-ਬਹੂ ਛੇੜਿਆ, ਤਾਂ ਮੇਰੀ ਰੂਹ ਨੂੰ ਜੋ ਸਕੂਨ ਮਿਲਿਆ, ਉਹ ਦੁਨੀਆ ਦੀ ਹਰ ਖ਼ੁਸ਼ੀ ਤੋਂ ਵੱਡਾ ਸੀ। ਇਹ ਹੁੰਦਾ ਹੈ ਆਪਣੇ ਆਪ ਨੂੰ ਔਖੇ ਰਾਹ ਪਾ ਕੇ ਅਸਲੀ ਮੰਜ਼ਿਲ ਪਾਉਣ ਦਾ ਅਹਿਸਾਸ।

ਇਸ ਦਾਇਰੇ ਵਿੱਚੋਂ ਬਾਹਰ ਆਉਣ ਲਈ ਇੱਕ ਹੋਰ ਬਹੁਤ ਅਹਿਮ ਤਕਨੀਕ ਹੈ ਹਾਰਨ ਦੇ ਡਰ ਨਾਲ ਦੋਸਤੀ ਕਰਨੀ। ਅਸੀਂ ਨਵਾਂ ਇਸ ਲਈ ਨਹੀਂ ਕਰਦੇ ਕਿਉਂਕਿ ਸਾਨੂੰ ਅਸਫ਼ਲ ਹੋਣ ਤੋਂ ਡਰ ਲੱਗਦਾ ਹੈ। ਸਾਨੂੰ ਲੱਗਦਾ ਹੈ ਕਿ ਲੋਕ ਸਾਡਾ ਮਜ਼ਾਕ ਉਡਾਉਣਗੇ। ਪਰ ਸੱਚਾਈ ਇਹ ਹੈ ਕਿ ਦੁਨੀਆ ਵਿੱਚ ਜਿਸਨੇ ਵੀ ਇਤਿਹਾਸ ਰਚਿਆ ਹੈ, ਉਹ ਪਹਿਲਾਂ ਕਈ ਵਾਰ ਬੁਰੀ ਤਰ੍ਹਾਂ ਡਿੱਗਿਆ ਹੈ। ਅਸਫ਼ਲਤਾ, ਸਫ਼ਲਤਾ ਦੇ ਉਲਟ ਨਹੀਂ ਹੈ, ਸਗੋਂ ਇਹ ਤਾਂ ਸਫ਼ਲਤਾ ਦੇ ਰਾਹ ਦਾ ਇੱਕ ਜ਼ਰੂਰੀ ਹਿੱਸਾ ਹੈ। ਜਦੋਂ ਤੁਸੀਂ ਇਹ ਮੰਨ ਲੈਂਦੇ ਹੋ ਕਿ ਗ਼ਲਤੀਆਂ ਕਰਨਾ ਇਨਸਾਨ ਹੋਣ ਦੀ ਨਿਸ਼ਾਨੀ ਹੈ, ਤਾਂ ਤੁਹਾਡੇ ਮੋਢਿਆਂ ਤੋਂ ਇੱਕ ਬਹੁਤ ਵੱਡਾ ਬੋਝ ਲਹਿ ਜਾਂਦਾ ਹੈ। ਆਪਣੇ ਆਪ ਨੂੰ ਕਹੋ ਕਿ ਕੀ ਹੋਇਆ ਜੇ ਮੈਂ ਫੇਲ੍ਹ ਹੋ ਗਿਆ? ਘੱਟੋ-ਘੱਟ ਮੈਨੂੰ ਇਹ ਪਛਤਾਵਾ ਤਾਂ ਨਹੀਂ ਰਹੇਗਾ ਕਿ ਮੈਂ ਕੋਸ਼ਿਸ਼ ਹੀ ਨਹੀਂ ਕੀਤੀ। ਇਹ ਸੋਚ ਤੁਹਾਨੂੰ ਕਦੇ ਵੀ ਆਪਣੇ ਕੰਫਰਟ ਜ਼ੋਨ ਵਿੱਚ ਸੁੰਗੜ ਕੇ ਨਹੀਂ ਬੈਠਣ ਦੇਵੇਗੀ।

ਹੋ ਸਕਦਾ ਹੈ ਸ਼ੁਰੂਆਤ ਵਿੱਚ ਤੁਹਾਨੂੰ ਠੋਕਰਾਂ ਲੱਗਣ, ਪੈਰ ਛਿੱਲੇ ਜਾਣ ਜਾਂ ਤੁਸੀਂ ਇੱਕ-ਦੋ ਵਾਰ ਬੁਰੀ ਤਰ੍ਹਾਂ ਡਿੱਗ ਵੀ ਪਵੋ। ਪਰ ਯਕੀਨ ਮੰਨਿਓ, ਮੈਦਾਨ ਵਿੱਚ ਡਿੱਗਣਾ, ਘਰ ਦੀ ਸੁਰੱਖਿਅਤ ਨੁੱਕਰ ਵਿੱਚ ਬੈਠ ਕੇ ਜੰਗਾਲ ਲੱਗਣ ਨਾਲੋਂ ਹਜ਼ਾਰ ਗੁਣਾ ਬਿਹਤਰ ਹੈ। ਜਦੋਂ ਤੁਸੀਂ ਡਰ ਦੇ ਉਸ ਪਾਰ ਕਦਮ ਰੱਖਦੇ ਹੋ, ਤਾਂ ਤੁਹਾਨੂੰ ਆਪਣੇ ਅੰਦਰਲੀ ਉਸ ਅਥਾਹ ਤਾਕਤ ਦਾ ਅਹਿਸਾਸ ਹੁੰਦਾ ਹੈ ਜਿਸ ਤੋਂ ਤੁਸੀਂ ਖੁਦ ਅਣਜਾਣ ਸੀ। ਅਣਡਿੱਠੇ ਰਾਹਾਂ 'ਤੇ ਤੁਰਨ ਦਾ ਆਪਣਾ ਹੀ ਇੱਕ ਨਸ਼ਾ ਹੈ, ਆਪਣਾ ਹੀ ਇੱਕ ਸਕੂਨ ਹੈ। ਇਸ ਲਈ, ਆਪਣੇ ਆਪ ਨੂੰ ਬੰਨ੍ਹ ਕੇ ਨਾ ਰੱਖੋ। ਜ਼ਿੰਦਗੀ ਬਹੁਤ ਵੱਡੀ ਹੈ, ਇਸ ਨੂੰ ਪੁਰਾਣੀਆਂ ਆਦਤਾਂ ਦੇ ਦਾਇਰੇ ਵਿੱਚ ਕੈਦ ਕਰਕੇ ਨਾ ਮਾਰੋ। ਹਿੰਮਤ ਕਰੋ, ਆਪਣੇ ਆਪ 'ਤੇ ਭਰੋਸਾ ਰੱਖੋ ਅਤੇ ਨਵੇਂ ਤਜਰਬਿਆਂ ਨੂੰ ਗਲ਼ੇ ਲਗਾਓ ਕਿਉਂਕਿ ਜ਼ਿੰਦਗੀ ਦਾ ਅਸਲੀ ਜਾਦੂ, ਤੁਹਾਡਾ ਸੱਚਾ ਮੁਕਾਮ, ਤੁਹਾਡੇ ਕੰਫਰਟ ਜ਼ੋਨ ਤੋਂ ਬਿਲਕੁਲ ਬਾਹਰ ਤੁਹਾਡੀ ਉਡੀਕ ਕਰ ਰਿਹਾ ਹੈ।

ਸਨਦੀਪ ਸਿੱਧੂ - 9463661542

**ਅਦਾਰਾ ਸੀ 7 ਨਿਊਜ਼ ਵਿੱਚ ਲੇਖਕਾਂ ਦੁਆਰਾ ਲਗਵਾਈਆਂ ਜਾਂਦੀਆਂ ਕਵਿਤਾਵਾਂ, ਕਹਾਣੀਆਂ, ਲੇਖ ਆਦਿ ਲੇਖਕਾਂ ਦੇ ਨਿੱਜੀ ਵਿਚਾਰ ਹਨ ਇਸਦੇ ਨਾਲ ਅਦਾਰਾ ਸੀ 7 ਨਿਊਜ਼ ਦੇ ਐਡੀਟਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ**

## ਜ਼ਿਲ੍ਹਾ ਪ੍ਰਸ਼ਾਸਨ ਅਤੇ ਖੇਤੀਬਾੜੀ ਵਿਭਾਗ ਦੀ ਮਿਹਨਤ ਨੂੰ ਪਿਆ ਬੂਰ, ਕਿਸਾਨਾਂ ਨੇ ਦਿੱਤੀ ਮੂੰਗੀ ਤੇ ਮਾਂਹ ਨੂੰ ਤਰਜੀਹ - ਡਾ. ਤੇਜਬੀਰ ਸਿੰਘ ਭੰਗੂ



**ਚੋਹਲਾ ਸਾਹਿਬ 29 ਅਪ੍ਰੈਲ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) |**

ਪੰਜਾਬ ਵਿੱਚ ਲਗਾਤਾਰ ਘਟਦੇ ਜ਼ਮੀਨਦੋਜ਼ ਪਾਣੀ ਦੇ ਪੱਧਰ ਅਤੇ ਵਧ ਰਹੇ ਖ਼ਰਚਿਆਂ ਕਾਰਨ ਕਿਸਾਨਾਂ ਲਈ ਮੂੰਗੀ ਅਤੇ ਮਾਂਹ ਦੀ ਖੇਤੀ ਇਕ ਲਾਭਕਾਰੀ ਵਿਕਲਪ ਬਣਦੀ ਜਾ ਰਹੀ ਹੈ। ਖੇਤੀਬਾੜੀ ਵਿਗਿਆਨੀਆਂ ਦਾ ਮੰਨਣਾ ਹੈ ਕਿ ਇਹ ਦੋਵੇਂ ਦਾਲੀ ਫ਼ਸਲਾਂ ਨਾ ਸਿਰਫ ਘੱਟ ਪਾਣੀ ਨਾਲ ਤਿਆਰ ਹੋ ਜਾਂਦੀਆਂ ਹਨ, ਸਗੋਂ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਵੀ ਵਧਾਉਂਦੀਆਂ ਹਨ। ਜ਼ਿਲ੍ਹਾ ਪ੍ਰਸ਼ਾਸਨ ਤਰਨ ਤਾਰਨ ਅਤੇ ਖੇਤੀਬਾੜੀ ਵਿਭਾਗ ਦੇ ਰਲਵੇਂ ਉਪਰਾਲਿਆਂ ਸਦਕਾ ਕਿਸਾਨਾਂ ਨੇ ਮੂੰਗੀ ਅਤੇ ਮਾਂਹ ਦੀ ਫ਼ਸਲ ਨੂੰ ਤਰਜੀਹ ਦਿੱਤੀ ਹੈ। ਡਿਪਟੀ ਕਮਿਸ਼ਨਰ ਤਰਨ ਤਰਨ ਸ੍ਰੀ ਰਾਹੁਲ ਅਤੇ ਮੁੱਖ ਖੇਤੀਬਾੜੀ ਅਫ਼ਸਰ ਤਰਨ ਤਾਰਨ ਡਾ. ਤੇਜਬੀਰ ਸਿੰਘ ਭੰਗੂ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਡਾ. ਯਾਦਵਿੰਦਰ ਸਿੰਘ ਵੱਲੋਂ ਪਿੰਡ ਖਵਾਸਪੁਰ ਦੇ ਕਿਸਾਨ ਭੁਪਿੰਦਰ ਸਿੰਘ ਦੇ ਖੇਤਾਂ ਦਾ ਦੌਰਾ ਕੀਤਾ ਗਿਆ। ਭੁਪਿੰਦਰ ਸਿੰਘ ਬਹੁਤ ਹੀ ਅਗਾਂਹਵਧੂ ਕਿਸਾਨ ਹੈ ਅਤੇ ਉਸਨੇ ਸੱਤ ਏਕੜ ਵਿੱਚ ਮੂੰਗੀ ਅਤੇ ਸੱਤ ਏਕੜ ਵਿੱਚ ਮਾਂਹ ਦੀ ਫ਼ਸਲ ਦੀ ਬਿਜਾਈ ਕੀਤੀ ਹੈ । ਡਾ. ਯਾਦਵਿੰਦਰ ਸਿੰਘ ਨੇ ਦੱਸਿਆ ਕਿ ਬਲਾਕ ਖੇਤੀਬਾੜੀ ਅਫ਼ਸਰ ਖਡੂਰ ਸਾਹਿਬ ਡਾ ਭੁਪਿੰਦਰ ਸਿੰਘ ਦੀ ਅਗਵਾਈ ਹੇਠ ਬਲਾਕ ਖਡੂਰ ਸਾਹਿਬ ਦੇ ਕਿਸਾਨਾਂ ਨੇ ਮੂੰਗੀ ਅਤੇ ਮਾਂਹ ਦੀ ਫ਼ਸਲ ਨੂੰ ਕਾਫੀ ਤਰਜੀਹ ਦਿੱਤੀ ਹੈ, ਜੋ ਕਿ ਬਹੁਤ ਵਧੀਆ ਗੱਲ ਹੈ ।ਡਾ. ਯਾਦਵਿੰਦਰ ਸਿੰਘ ਨੇ ਦੱਸਿਆ ਕਿ ਮੂੰਗੀ ਦੀ ਫ਼ਸਲ ਖਾਸ ਤੌਰ ‘ਤੇ 60-70 ਦਿਨਾਂ ਵਿੱਚ ਤਿਆਰ ਹੋ ਜਾਂਦੀ ਹੈ, ਜਿਸ ਨਾਲ ਕਿਸਾਨ ਇਕ ਸਾਲ ਵਿੱਚ ਵੱਧ ਫ਼ਸਲਾਂ ਲੈ ਸਕਦੇ ਹਨ। ਇਸਦੀ ਬੀਜਾਈ ਮਾਰਚ-ਅਪ੍ਰੈਲ (ਜਾਇਦ) ਜਾਂ ਜੂਨ-ਜੁਲਾਈ (ਖਰੀਫ਼) ਵਿੱਚ ਕੀਤੀ ਜਾਂਦੀ ਹੈ। ਬੀਜ ਦੀ ਮਾਤਰਾ ਲੱਗਭਗ 8-10 ਕਿਲੋ ਪ੍ਰਤੀ ਏਕੜ ਰੱਖੀ ਜਾਂਦੀ ਹੈ ਅਤੇ ਕਤਾਰ ਤੋਂ ਕਤਾਰ ਦੂਰੀ 30 ਸੈਂਟੀਮੀਟਰ ਰੱਖਣੀ ਚਾਹੀਦੀ ਹੈ। ਇਹ ਫ਼ਸਲ ਘੱਟ ਸਿੰਚਾਈ ਨਾਲ ਵੀ ਵਧੀਆ ਪੈਦਾਵਾਰ ਦਿੰਦੀ ਹੈ ਅਤੇ 4-6 ਕੁਇੰਟਲ ਪ੍ਰਤੀ ਏਕੜ ਤੱਕ ਉਪਜ ਦੇ ਸਕਦੀ ਹੈ।ਉਨ੍ਹਾਂ ਦੱਸਿਆ ਕਿ ਇਸੇ ਤਰ੍ਹਾਂ ਮਾਂਹ (ਉੜਦ) ਦੀ ਫ਼ਸਲ ਵੀ ਕਿਸਾਨਾਂ ਲਈ ਇਕ ਵਧੀਆ ਵਿਕਲਪ ਹੈ। ਇਸਦੀ ਬੀਜਾਈ ਵੀ ਜੂਨ-ਜੁਲਾਈ ਵਿੱਚ ਕੀਤੀ ਜਾਂਦੀ ਹੈ ਅਤੇ 6-8 ਕਿਲੋ ਬੀਜ ਪ੍ਰਤੀ ਏਕੜ ਲੱਗਦਾ ਹੈ। ਮਾਂਹ ਦੀ ਫ਼ਸਲ ਨੂੰ ਵੀ ਪਾਣੀ ਦੀ ਘੱਟ ਲੋੜ ਹੁੰਦੀ ਹੈ ਅਤੇ ਇਹ ਲੱਗਭਗ 70–80 ਦਿਨਾਂ ਵਿੱਚ ਤਿਆਰ ਹੋ ਜਾਂਦੀ ਹੈ। ਇਸਦੀ ਪੈਦਾਵਾਰ 3–5 ਕੁਇੰਟਲ ਪ੍ਰਤੀ ਏਕੜ ਰਹਿੰਦੀ ਹੈ।ਡਾ.ਯਾਦਵਿੰਦਰ ਸਿੰਘ ਨੇ ਦੱਸਿਆ ਕਿ ਦਾਲਾਂ ਵਾਲੀਆਂ ਫ਼ਸਲਾਂ ਦੀ ਸਭ ਤੋਂ ਵੱਡੀ ਖਾਸੀਅਤ ਇਹ ਹੈ ਕਿ ਇਹ ਮਿੱਟੀ ਵਿੱਚ ਨਾਈਟਰੋਜਨ ਫਿਕਸ ਕਰਦੀਆਂ ਹਨ, ਜਿਸ ਨਾਲ ਰਸਾਇਣਿਕ ਖਾਦਾਂ ਦੀ ਲੋੜ ਘੱਟ ਜਾਂਦੀ ਹੈ। ਇਸ ਨਾਲ ਅਗਲੀ ਫਸਲਾਂ ਜਿਵੇਂ ਕਿ ਗੇਹੂੰ ਜਾਂ ਮੱਕੀ ਨੂੰ ਵੀ ਵਧੀਆ ਲਾਭ ਮਿਲਦਾ ਹੈ। ਇਸਦੇ ਨਾਲ-ਨਾਲ ਇਹ ਫ਼ਸਲਾਂ ਕੀਟਾਂ ਅਤੇ ਬਿਮਾਰੀਆਂ ਦੇ ਮਾਮਲੇ ਵਿੱਚ ਵੀ ਕਾਫੀ ਹੱਦ ਤੱਕ ਸਹਿਨਸ਼ੀਲ ਹੁੰਦੀਆਂ ਹਨ। ਇਸ ਸਮੇਂ ਉਨ੍ਹਾਂ ਦੇ ਨਾਲ ਭੁਪਿੰਦਰ ਸਿੰਘ ,ਕਮਲਜੀਤ ਸਿੰਘ, ਜੈ ਇੰਦਰ ਕੌਰ, ਫਤਿਹਜੰਗ ਸਿੰਘ ਅਤੇ ਇਲਾਕੇ ਦੇ ਅਗਾਂਹਵਧੂ ਕਿਸਾਨ ਹਾਜ਼ਰ ਸਨ।

## ਸਰਕਾਰੀ ਐਲੀਮੈਂਟਰੀ ਸਕੂਲ ਭੁੱਸੇ ਅਤੇ ਬੀੜ ਰਾਜਾ ਤੇਜਾ ਸਿੰਘ ਵਿਖੇ ਨਵੇਂ ਕਮਰਿਆਂ ਦਾ ਉਦਘਾਟਨ



ਚੋਹਲਾ ਸਾਹਿਬ 29 ਅਪ੍ਰੈਲ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ)ਪੰਜਾਬ ਸਰਕਾਰ ਵੱਲੋਂ ਸਿੱਖਿਆ ਕ੍ਰਾਂਤੀ ਤਹਿਤ ਸਰਕਾਰੀ ਸਕੂਲਾਂ ਦੀ ਨੁਹਾਰ ਬਦਲਣ ਲਈ ਵੱਡੇ ਪੱਧਰ 'ਤੇ ਉਪਰਾਲੇ ਕੀਤੇ ਜਾ ਰਹੇ ਹਨ। ਇਸੇ ਲੜੀ ਤਹਿਤ ਅੱਜ ਸਰਕਾਰੀ ਐਲੀਮੈਂਟਰੀ ਸਕੂਲ ਭੁੱਸੇ ਅਤੇ ਸਰਕਾਰੀ ਐਲੀਮੈਂਟਰੀ ਸਕੂਲ ਬੀੜ ਰਾਜਾ ਤੇਜਾ ਸਿੰਘ ਵਿਖੇ ਨਵੇਂ ਬਣੇ ਕਮਰਿਆਂ ਦਾ ਉਦਘਾਟਨ ਹਲਕਾ ਵਿਧਾਇਕ ਹਰਮੀਤ ਸਿੰਘ ਸੰਧੂ ਦੇ ਭਰਾਤਾ ਸੇਵਾਮੁਕਤ ਪੀ ਸੀ ਐਸ ਅਫਸਰ ਰਾਜਬੀਰ ਸਿੰਘ ਸੰਧੂ ਅਤੇ ਉਨ੍ਹਾਂ ਦੀ ਟੀਮ ਵੱਲੋਂ ਕੀਤਾ ਗਿਆ।

ਇਸ ਮੌਕੇ ਸੰਬੋਧਨ ਕਰਦਿਆਂ ਰਾਜਬੀਰ ਸਿੰਘ ਸੰਧੂ ਨੇ ਕਿਹਾ ਕਿ ਪੰਜਾਬ ਸਰਕਾਰ ਸਕੂਲਾਂ ਨੂੰ ਵਿਸ਼ਵ ਪੱਧਰੀ ਬਣਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡ ਰਹੀ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਸਕੂਲਾਂ ਵਿੱਚ ਹਰੇਕ ਬੁਨਿਆਦੀ ਸਹੂਲਤ ਮੁਹਈਆ ਕਰਵਾਈ ਜਾ ਰਹੀ ਹੈ। ਨਵੇਂ ਸਮਾਰਟ ਕਲਾਸਰੂਮ, ਆਧੁਨਿਕ ਲੈਬਾਂ, ਪੀਣ ਵਾਲਾ ਸਾਫ਼ ਪਾਣੀ, ਪਖਾਨੇ ਅਤੇ ਖੇਡ ਮੈਦਾਨਾਂ ਦਾ ਨਿਰਮਾਣ ਪਹਿਲ ਦੇ ਆਧਾਰ 'ਤੇ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦਾ ਮੁੱਖ ਟੀਚਾ ਸਰਕਾਰੀ ਸਕੂਲਾਂ ਦਾ ਮਿਆਰ ਨਿੱਜੀ ਸਕੂਲਾਂ ਨਾਲੋਂ ਉੱਚਾ ਚੁੱਕਣਾ ਹੈ ਤਾਂ ਜੋ ਆਮ ਘਰਾਂ ਦੇ ਬੱਚੇ ਵੀ ਮਿਆਰੀ ਸਿੱਖਿਆ ਹਾਸਲ ਕਰ ਸਕਣ। ਉਨ੍ਹਾਂ ਭਰੋਸਾ ਦਿੱਤਾ ਕਿ ਭਵਿੱਖ ਵਿੱਚ ਵੀ ਸਰਕਾਰ ਸਕੂਲੀ ਸਿੱਖਿਆ ਦੇ ਸੁਧਾਰ ਲਈ ਨਵੀਆਂ ਯੋਜਨਾਵਾਂ ਲੈ ਕੇ ਆਵੇਗੀ ਅਤੇ ਫੰਡਾਂ ਦੀ ਕੋਈ ਘਾਟ ਨਹੀਂ ਆਉਣ ਦਿੱਤੀ ਜਾਵੇਗੀ।

ਇਸ ਮੌਕੇ ਵਾਈਸ ਚੇਅਰਮੈਨ ਇੰਪਰੂਵਮੈਂਟ ਟਰੱਸਟ ਰੁਪਿੰਦਰ ਕੌਰ ਸੰਧੂ , ਬਲਾਕ ਸਿੱਖਿਆ ਅਫ਼ਸਰ ਗੰਡੀਵਿੰਡ ਰਜਿੰਦਰ ਸਿੰਘ, ਬਲਾਕ ਨੋਡਲ ਅਫ਼ਸਰ ਪ੍ਰਭਜੋਤ ਸਿੰਘ ਗੋਹਲਵੜ, ਸਮਾਰਟ ਸਕੂਲ ਕੋਆਰਡੀਨੇਟਰ ਗੁਰਮੀਤ ਸਿੰਘ ਖਾਲਸਾ ਤੋਂ ਇਲਾਵਾ ਬਲਾਕ ਦੇ ਸਮੂਹ ਸੈਂਟਰ ਹੈੱਡ ਟੀਚਰਜ਼ ਅਤੇ ਹੈੱਡ ਟੀਚਰਜ਼ ਤੋਂ ਇਲਾਵਾ ਸਰਕਾਰੀ ਐਲੀਮੈਂਟਰੀ ਸਕੂਲ ਭੁੱਸੇ ਦੇ ਸਰਪੰਚ ਹਰਪ੍ਰੀਤ ਸਿੰਘ, ਸਾਬਕਾ ਸਰਪੰਚ ਨਿਰਵੈਰ ਸਿੰਘ, ਪੰਚਾਇਤ ਮੈਂਬਰ ਜਸਤਾਰ ਸਿੰਘ, ਪੰਚਾਇਤ ਮੈਂਬਰ ਬਲਜਿੰਦਰ ਸਿੰਘ, ਹਰਜਿੰਦਰ ਸਿੰਘ, ਜਗਤਾਰ ਸਿੰਘ, ਬਲਜੀਤ ਸਿੰਘ, ਰਾਣਾ ਪ੍ਰਤਾਪ ਸਿੰਘ ਪ੍ਰਕਾਸ਼ ਸਿੰਘ, ਗੁਰਵਿੰਦਰ ਸਿੰਘ ਅਤੇ ਸਰਕਾਰੀ ਐਲੀਮੈਂਟਰੀ ਸਕੂਲ ਬੀੜ ਬਾਬਾ ਤੇਜਾ ਸਿੰਘ ਵਿਖੇ ਸਰਪੰਚ ਤਜਿੰਦਰ ਸਿੰਘ ਬਾਠ, ਸਾਬਕਾ ਸਰਪੰਚ ਪ੍ਰਤਾਪ ਸਿੰਘ, ਮੈਂਬਰ ਰਣਜੀਤ ਸਿੰਘ, ਸ਼ਰਨਜੀਤ ਸਿੰਘ, ਸਵਿੰਦਰ ਸਿੰਘ, ਜਸਰੂਪ ਕੌਰ, ਚੇਅਰਮੈਨ ਐਸ.ਐਮ.ਸੀ ਜਗਜੀਤ ਸਿੰਘ, ਸੰਦੀਪ ਸਿੰਘ, ਲਵਪ੍ਰੀਤ ਸਿੰਘ ਅਤੇ ਅਧਿਆਪਕ ਸਤਨਾਮ ਸਿੰਘ ਅਤੇ ਅਮਰਜੀਤ ਕੌਰ ਤੋਂ ਇਲਾਵਾ ਦੋਹਾਂ ਸਕੂਲਾਂ ਦਾ ਸਮੁੱਚਾ ਸਟਾਫ ਅਤੇ ਪਿੰਡ ਦੇ ਪਤਵੰਤੇ ਸੱਜਣ ਅਤੇ ਵਿਦਿਆਰਥੀਆਂ ਦੇ ਮਾਪੇ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਸਮੂਹ ਹਾਜ਼ਰੀਨ ਨੇ ਸਰਕਾਰ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ।

**Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ**
**9463661542, cee7news@gmail.com**

## ਵਿਧਾਇਕ ਲਾਲਪੁਰਾ ਨੇ ਪਿੰਡ ਕੱਦ ਗਿੱਲ ਕਲਾਂ ਦੇ ਹੋਣਹਾਰ ਵਿਦਿਆਰਥੀ ਗੁਰਅੰਸ਼ ਸਿੰਘ ਨੂੰ ਦਿੱਤੀ ਵਧਾਈ




**ਗੁਰਪ੍ਰੀਤ ਸਿੰਘ ਕੱਦ ਗਿੱਲ ਤਰਨਤਾਰਨ, 29 ਅਪ੍ਰੈਲ |**

ਹਲਕਾ ਖਡੂਰ ਸਾਹਿਬ ਦੇ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਵੱਲੋਂ ਪਿੰਡ ਕੱਦ ਗਿੱਲ ਕਲਾਂ ਦੇ ਹੋਣਹਾਰ ਵਿਦਿਆਰਥੀ ਗੁਰਅੰਸ਼ ਸਿੰਘ ਨੂੰ ਸੀ.ਬੀ.ਐਸ.ਈ ਦੀ ਦਸਵੀਂ ਜਮਾਤ ਵਿੱਚੋਂ 99.6 ਫੀਸਦੀ ਅੰਕ ਪ੍ਰਾਪਤ ਕਰਨ ‘ਤੇ ਦਿਲੋਂ ਵਧਾਈ ਦਿੱਤੀ ਗਈ। ਇਸ ਦੌਰਾਨ ਉਨ੍ਹਾਂ ਗੁਰਅੰਸ਼ ਸਿੰਘ ਅਤੇ ਉਸ ਦੇ ਮਾਪਿਆਂ ਨੂੰ ਸਨਮਾਨਿਤ ਵੀ ਕੀਤਾ। ਉਨ੍ਹਾਂ ਕਿਹਾ ਕਿ ਇਹ ਪ੍ਰਾਪਤੀ ਨਾ ਸਿਰਫ਼ ਉਸ ਦੇ ਪਰਿਵਾਰ ਲਈ, ਸਗੋਂ ਸਾਰੇ ਪਿੰਡ ਅਤੇ ਇਲਾਕੇ ਲਈ ਮਾਣ ਵਾਲੀ ਗੱਲ ਹੈ। ਇਸ ਮੌਕੇ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਨੇ ਐਲਾਨ ਕੀਤਾ ਕਿ ਗੁਰਅੰਸ਼ ਸਿੰਘ ਦੀ ਇਸ ਸ਼ਾਨਦਾਰ ਸਫਲਤਾ ਨੂੰ ਸਮਰਪਿਤ ਕਰਦੇ ਹੋਏ ਪਿੰਡ ਕੱਦ ਗਿੱਲ ਕਲਾਂ ਵਿੱਚ ਇਕ ਆਧੁਨਿਕ ਲਾਇਬ੍ਰੇਰੀ ਸਥਾਪਿਤ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਹ ਲਾਇਬ੍ਰੇਰੀ ਪਿੰਡ ਦੇ ਨੌਜਵਾਨਾਂ ਨੂੰ ਪੜ੍ਹਾਈ ਵੱਲ ਪ੍ਰੇਰਿਤ ਕਰੇਗੀ ਅਤੇ ਉਨ੍ਹਾਂ ਨੂੰ ਵਧੀਆ ਭਵਿੱਖ ਬਣਾਉਣ ਲਈ ਮੌਕੇ ਪ੍ਰਦਾਨ ਕਰੇਗੀ।ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਸਿੱਖਿਆ ਦੇ ਖੇਤਰ ਵਿੱਚ ਵੱਡੇ ਪੱਧਰ ‘ਤੇ ਕੰਮ ਕਰ ਰਹੀ ਹੈ ਅਤੇ ਇਸ ਤਰ੍ਹਾਂ ਦੇ ਹੋਣਹਾਰ ਵਿਦਿਆਰਥੀਆਂ ਦੀ ਹੌਸਲਾ ਅਫ਼ਜ਼ਾਈ ਕਰਨਾ ਸਾਡੀ ਪਹਿਲ ਹੈ। ਉਨ੍ਹਾਂ ਗੁਰਅੰਸ਼ ਸਿੰਘ ਦੇ ਮਾਤਾ-ਪਿਤਾ ਅਤੇ ਅਧਿਆਪਕਾਂ ਨੂੰ ਵੀ ਵਧਾਈ ਦਿੱਤੀ ਅਤੇ ਕਿਹਾ ਕਿ ਇਹ ਸਫਲਤਾ ਉਨ੍ਹਾਂ ਦੀ ਮਿਹਨਤ ਅਤੇ ਰਹਿਨੁਮਾਈ ਦਾ ਨਤੀਜਾ ਹੈ। ਇਸ ਮੌਕੇ ਉਨ੍ਹਾਂ ਨਾਲ ਪਿੰਡ ਕੱਦ ਗਿੱਲ ਕਲਾਂ ਦੇ ਸਰਪੰਚ ਸਿਮਰਜੀਤ ਸਿੰਘ, ਰਣਜੀਤ ਸਿੰਘ ਰਾਣਾ ਪਹਿਲਵਾਨ, ਸਰਬਜੀਤ ਸਿੰਘ ਕੋਹਾੜਕਾ ਬਲਾਕ ਸੰਮਤੀ ਮੈਂਬਰ, ਹਲਕਾ ਸੰਗਠਨ ਇੰਚਾਰਜ ਰਜਿੰਦਰ ਸਿੰਘ ਪੰਨੂ ਅਤੇ ਹੋਰ ਮੋਹਤਬਰ ਹਾਜ਼ਰ ਸਨ।

## ਮਾਤਾ ਚਿੰਤਪੁਰਨੀ ਜੀ ਦੇ ਪ੍ਰਗਟ ਦਿਵਸ ਦੇ ਸਬੰਧ ਵਿੱਚ ਲੰਗਰ ਭੰਡਾਰਾ ਅੱਜ : ਸਨਮ ਸ਼ਰਮਾ




**ਗੁਰਪ੍ਰੀਤ ਸਿੰਘ ਕੱਦ ਗਿੱਲ ਤਰਨਤਾਰਨ, 29 ਅਪ੍ਰੈਲ |**

ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸਮੂਹ ਸ਼ਹਿਰ ਨਿਵਾਸੀਆਂ ਦੇ ਸਹਿਯੋਗ ਨਾਲ 30 ਅਪ੍ਰੈਲ (ਅੱਜ) ਦਿਨ ਵੀਰਵਾਰ ਨੂੰ ਬੋਹੜੀ ਚੌਂਕ ਵਿਖੇ ਵਿਸ਼ਾਲ ਲੰਗਰ ਭੰਡਾਰਾ ਲਗਾਇਆ ਜਾ ਰਿਹਾ ਹੈ। ਲੰਗਰ ਸਬੰਧੀ ਜਾਣਕਾਰੀ ਦਿੰਦੇ ਹੋਏ ਸਨਮ ਸ਼ਰਮਾ ਨੇ ਦੱਸਿਆ ਕੀ ਇਹ ਲੰਗਰ ਭੰਡਾਰਾ ਮਾਤਾ ਚਿੰਤਪੁਰਨੀ ਜੀ ਦੇ ਪ੍ਰਗਟ ਦਿਵਸ ਮੌਕੇ ਹਰ ਸਾਲ ਲਾਇਆ ਜਾਂਦਾ ਹੈ। ਉਹਨਾਂ ਦੱਸਿਆ ਕਿ ਇਸ ਦਿਨ ਪੂੜੀ ਛੋਲੇ, ਰਾਜਮਾ ਚਾਵਲ, ਮਲਾਈ ਕੋਫਤਾ, ਸ਼ਾਹੀ ਪਨੀਰ, ਰੁਮਾਲੀ ਰੋਟੀ, ਖੀਰ, ਕੜਾਹ ਪ੍ਰਸ਼ਾਦ ਆਦੀ ਅਨੇਕਾਂ ਪ੍ਰਕਾਰ ਦੇ ਪਕਵਾਨਾਂ ਦਾ ਲੰਗਰ ਸੰਗਤ ਵਿੱਚ ਅਟੁੱਟ ਵਰਤਾਇਆ ਜਾਵੇਗਾ। ਉਹਨਾਂ ਸਮੂਹ ਸ਼ਹਿਰ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਦਿਨ ਲੰਗਰ ਭੰਡਾਰੇ ਵਿੱਚ ਪਹੁੰਚ ਕੇ ਪ੍ਰਸ਼ਾਦ ਗ੍ਰਹਿਣ ਕਰਨ ਅਤੇ ਮਾਤਾ ਚਿੰਤਪੁਰਨੀ ਜੀ ਦਾ ਆਸ਼ੀਰਵਾਦ ਪ੍ਰਾਪਤ ਕਰਨ। ਇਸ ਮੌਕੇ ਉਹਨਾਂ ਨਾਲ ਲੱਕੀ ਅਰੋੜਾ, ਯਸ਼ ਸ਼ਰਮਾ, ਸਾਜਨ, ਵਿੱਕੀ, ਰਾਜਾ ਸਾਹਿਲ ਗਰੋਵਰ ਆਦਿ ਤੋਂ ਇਲਾਵਾ ਹੋਰ ਮੁਹਤਬਰ ਮੌਜੂਦ ਸਨ।

ਸੱਚੀ ਅਤੇ ਨਿਰਪੱਖ ਵਿਚਾਰਧਾਰਾ
CEE7NEWS
Daily Digital Edition

## ਮਜ਼ਦੂਰ ਦਿਵਸ 'ਤੇ ਵੱਡਾ ਸੰਘਰਸ਼ ਐਲਾਨ: ਵਿੱਤ ਮੰਤਰੀ ਦੀ ਕੋਠੀ ਦਾ ਘਿਰਾਓ, ਠੇਕਾ ਮੁਲਾਜ਼ਮਾਂ ਨੂੰ ਪੱਕਾ ਕਰਨ ਲਈ ਤਿੱਖੀ ਲੜਾਈ ਦੀ ਚੇਤਾਵਨੀ



**ਗੁਰਪ੍ਰੀਤ ਸਿੰਘ ਕੱਦ ਗਿੱਲ ਤਰਨ ਤਾਰਨ, 29 ਅਪ੍ਰੈਲ |**

ਜਲ ਸਪਲਾਈ ਅਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ. ਨੰ. 31) ਜ਼ਿਲ੍ਹਾ ਤਰਨ ਤਾਰਨ ਦੀ ਅਹਿਮ ਮੀਟਿੰਗ ਗਾਂਧੀ ਪਾਰਕ ਵਿਖੇ ਹੋਈ, ਜਿਸ ਵਿੱਚ ਮੁਲਾਜ਼ਮ ਮਸਲਿਆਂ 'ਤੇ ਗੰਭੀਰ ਵਿਚਾਰ-ਵਟਾਂਦਰਾ ਕਰਦੇ ਹੋਏ 1 ਮਈ ਮਜ਼ਦੂਰ ਦਿਵਸ ਮੌਕੇ ਸੰਗਰੂਰ ਵਿਖੇ ਵਿੱਤ ਮੰਤਰੀ ਦੀ ਕੋਠੀ ਦਾ ਘਿਰਾਓ ਕਰਨ ਦਾ ਵੱਡਾ ਐਲਾਨ ਕੀਤਾ ਗਿਆ।

ਮੀਟਿੰਗ ਬਾਰੇ ਜਾਣਕਾਰੀ ਦਿੰਦਿਆਂ ਜ਼ਿਲਾ ਪ੍ਰਧਾਨ ਦਿਲਬਾਗ ਸਿੰਘ ਦਬੁਰਜੀ, ਸੂਬਾ ਆਗੂ ਗੁਰਵਿੰਦਰ ਸਿੰਘ ਬਾਠ, ਜ਼ਿਲ੍ਹਾ ਜਰਨਲ ਸਕੱਤਰ ਕੁਲਦੀਪ ਸਿੰਘ ਵਿਰਕ, ਆਗੂ ਸੁਖਬੀਰ ਸਿੰਘ, ਦਿਲਬਾਗ ਸਿੰਘ ਕੰਗ, ਸੀਨੀਅਰ ਮੀਤ ਪ੍ਰਧਾਨ ਦੇਸ਼ਰਾਜ ਰੰਧਾਵਾ, ਹਰਨੰਦ ਸਿੰਘ, ਗੁਰਵਿੰਦਰ ਸਿੰਘ ਅਤੇ ਹੋਰ ਆਗੂਆਂ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਕੱਚੇ ਅਤੇ ਠੇਕਾ ਮੁਲਾਜ਼ਮਾਂ ਨੂੰ ਪੱਕਾ ਕਰਨ ਲਈ ਬਣਾਈ ਕੈਬਨਿਟ ਸਬ-ਕਮੇਟੀ ਨੇ ਪਿਛਲੇ ਕਈ ਸਾਲਾਂ ਤੋਂ ਸਿਰਫ਼ ਵਾਅਦੇ ਹੀ ਕੀਤੇ ਹਨ, ਜਿਨ੍ਹਾਂ 'ਤੇ ਅਜੇ ਤੱਕ ਕੋਈ ਢੁਕਵਾਂ ਅਮਲ ਨਹੀਂ ਹੋਇਆ।

ਆਗੂਆਂ ਨੇ ਕਿਹਾ ਕਿ ਇਸ ਨਿਰਾਸ਼ਾਜਨਕ ਹਾਲਾਤ ਦੇ ਵਿਰੋਧ ਵਜੋਂ ਸਬ-ਕਮੇਟੀ ਦੇ ਚੇਅਰਮੈਨ ਅਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਕੋਠੀ ਦਾ 1 ਮਈ ਨੂੰ ਸੰਗਰੂਰ ਵਿਖੇ ਘਿਰਾਓ ਕੀਤਾ ਜਾਵੇਗਾ, ਜਿਸ ਵਿੱਚ ਜ਼ਿਲ੍ਹਾ ਤਰਨ ਤਾਰਨ ਤੋਂ ਵੱਡੀ ਗਿਣਤੀ ਵਿੱਚ ਵਰਕਰ ਆਪਣੇ ਪਰਿਵਾਰਾਂ ਸਮੇਤ ਸ਼ਮੂਲੀਅਤ ਕਰਨਗੇ।

ਮੀਟਿੰਗ ਦੌਰਾਨ ਆਗੂਆਂ ਨੇ ਜ਼ੋਰ ਦੇ ਕੇ ਮੰਗ ਕੀਤੀ ਕਿ ਲੰਮੇ ਸਮੇਂ ਤੋਂ ਵੱਖ-ਵੱਖ ਸਰਕਾਰੀ ਵਿਭਾਗਾਂ ਵਿੱਚ ਸੇਵਾ ਨਿਭਾ ਰਹੇ ਇਨਲਿਸਟਮੈਂਟ ਅਤੇ ਆਊਟਸੋਰਸ ਮੁਲਾਜ਼ਮਾਂ ਨੂੰ ਸੰਬੰਧਤ ਵਿਭਾਗਾਂ ਵਿੱਚ ਮਰਜ ਕਰਕੇ ਤੁਰੰਤ ਰੈਗੂਲਰ ਕੀਤਾ ਜਾਵੇ। ਉਨ੍ਹਾਂ ਨੇ ਕਿਹਾ ਕਿ ਘੱਟੋ-ਘੱਟ ਉਜਰਤ ਕਾਨੂੰਨ 1948 ਅਤੇ 15ਵੀਂ ਲੇਬਰ ਕਾਨਫਰੰਸ ਦੀਆਂ ਸਿਫਾਰਸ਼ਾਂ ਦੇ ਅਧਾਰ 'ਤੇ ਤਨਖਾਹਾਂ ਨਿਰਧਾਰਤ ਕੀਤੀਆਂ ਜਾਣ ਅਤੇ "ਬਰਾਬਰ ਕੰਮ ਲਈ ਬਰਾਬਰ ਤਨਖਾਹ" ਦੇ ਅਸੂਲ ਨੂੰ ਲਾਗੂ ਕੀਤਾ ਜਾਵੇ।

ਇਸ ਤੋਂ ਇਲਾਵਾ ਆਗੂਆਂ ਨੇ ਸਰਕਾਰੀ ਵਿਭਾਗਾਂ ਦੇ ਨਿੱਜੀਕਰਨ ਨੂੰ ਤੁਰੰਤ ਰੱਦ ਕਰਨ, ਸੇਵਾ ਦੌਰਾਨ ਹਾਦਸਿਆਂ ਵਿੱਚ ਪੂਰਾ ਮੁਆਵਜ਼ਾ ਯਕੀਨੀ ਬਣਾਉਣ, ਘਾਤਕ ਹਾਦਸਿਆਂ ਦੇ ਮਾਮਲੇ ਵਿੱਚ ਘੱਟੋ-ਘੱਟ 50 ਲੱਖ ਰੁਪਏ ਮੁਆਵਜ਼ਾ ਅਤੇ ਪਰਿਵਾਰ ਦੇ ਇੱਕ ਮੈਂਬਰ ਨੂੰ ਨੌਕਰੀ ਦੇਣ ਦੀ ਮੰਗ ਵੀ ਰੱਖੀ। ਉਨ੍ਹਾਂ ਨੇ ਰਿਟਾਇਰਮੈਂਟ ਤੋਂ ਬਾਅਦ ਪੈਨਸ਼ਨ, ਗ੍ਰੈਚੁਟੀ ਅਤੇ ਈ.ਪੀ.ਐਫ. ਤੇ ਈ.ਐਸ.ਆਈ. ਸਕੀਮਾਂ ਦੇ ਲਾਭ ਦੇਣ ਦੀ ਵੀ ਮੰਗ ਕੀਤੀ।

ਆਗੂਆਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਸਰਕਾਰ ਵੱਲੋਂ ਜਲਦ ਮੰਗਾਂ 'ਤੇ ਗੰਭੀਰਤਾ ਨਾਲ ਕਾਰਵਾਈ ਨਾ ਕੀਤੀ ਗਈ ਤਾਂ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ।

## , ਪ੍ਰਦੂਸ਼ਣ ਅਤੇ ਰੁੱਖਾਂ ਦੀ ਕੱਟਾਈ ਨੂੰ ਦੇਖਦੇ ਹੋਏ ਕਾਲਜ ਕੈਂਪਸ ਵਿੱਚ ਬੂਟੇ ਲਗਾਏ ਗਏ।



**ਚੋਹਲਾ ਸਾਹਿਬ 29 ਅਪ੍ਰੈਲ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) |**

ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਸਰਹਾਲੀ ਦੀ ਸਥਾਪਨਾ ਸੰਨ 1970 ਵਿੱਚ ਸੰਤ ਬਾਬਾ ਤਾਰਾ ਸਿੰਘ ਜੀ ਵੱਲੋਂ ਕੀਤੀ ਗਈ ਸੀ। ਮੌਜੂਦਾ ਸਮੇਂ ਕਾਲਜ ਸੰਤ ਬਾਬਾ ਸੁੱਖਾ ਸਿੰਘ ਜੀ ਦੀ ਸਰਪ੍ਰਸਤੀ ਹੇਠ ਵਿਦਿਆ ਦਾ ਚਾਨਣ ਫੈਲਾਉਣ ਦੇ ਨਾਲ-ਨਾਲ ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰੀ ਨੂੰ ਵੀ ਬਖੂਬੀ ਨਿਭਾ ਰਿਹਾ ਹੈ। ਇਸ ਸਿਰਮੌਰ ਸੰਸਥਾ ਦਾ ਉਦੇਸ਼ ਸਿਰਫ਼ ਉੱਚ ਪੱਧਰੀ ਸਿੱਖਿਆ ਪ੍ਰਦਾਨ ਕਰਨਾ ਹੀ ਨਹੀਂ, ਸਗੋਂ ਵਿਦਿਆਰਥੀਆਂ ਨੂੰ ਨੈਤਿਕ ਕਦਰਾਂ, ਅਨੁਸ਼ਾਸਨ ਅਤੇ ਸਮਾਜਿਕ ਜ਼ਿੰਮੇਵਾਰੀ ਬਾਰੇ ਵੀ ਜਾਗਰੂਕ ਕਰਨਾ ਹੈ। ਕਾਲਜ ਵਿੱਚ ਪੜ੍ਹਾਈ ਦੇ ਨਾਲ-ਨਾਲ ਸੱਭਿਆਚਾਰਕ ਗਤੀਵਿਧੀਆਂ, ਖੇਡਾਂ ਅਤੇ ਸਮਾਜਿਕ ਸੇਵਾਵਾਂ ਨੂੰ ਵੀ ਮਹੱਤਵ ਦਿੱਤਾ ਜਾਂਦਾ ਹੈ। ਇਸ ਲੜੀ ਦੇ ਤਹਿਤ "ਭਾਰਤ ਵਾਤਾਵਰਣ ਪ੍ਰੋਗਰਾਮ" ਦੇ ਅਧੀਨ 23 ਤੋਂ 29 ਅਪ੍ਰੈਲ ਤੱਕ ਕਾਲਜ ਵਿੱਚ ਵਾਤਾਵਰਣ ਸੁਰੱਖਿਆ ਮੁਹਿੰਮ ਚਲਾਈ ਗਈ। ਮੌਜੂਦ ਸਮੇਂ ਵਿੱਚ ਵਧ ਰਹੀ ਗਰਮੀ, ਪ੍ਰਦੂਸ਼ਣ ਅਤੇ ਰੁੱਖਾਂ ਦੀ ਕੱਟਾਈ ਨੂੰ ਦੇਖਦੇ ਹੋਏ ਕਾਲਜ ਕੈਂਪਸ ਵਿੱਚ ਬੂਟੇ ਲਗਾਏ ਗਏ। ਇਸ ਮੁਹਿੰਮ ਦਾ ਮਕਸਦ ਵਿਦਿਆਰਥੀਆਂ ਵਿੱਚ ਵਾਤਾਵਰਣ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਅਤੇ ਉਨ੍ਹਾਂ ਨੂੰ ਪ੍ਰਕਿਰਤੀ ਦੀ ਸੰਭਾਲ ਲਈ ਪ੍ਰੇਰਿਤ ਕਰਨਾ ਸੀ। ਇਹ ਪ੍ਰੋਗਰਾਮ ਕਾਲਜ ਦੇ ਪ੍ਰਿੰਸੀਪਲ ਡਾ. ਜਸਬੀਰ ਸਿੰਘ ਗਿੱਲ ਜੀ ਦੀ ਰਹਿਨੁਮਾਈ ਹੇਠ ਸਫਲਤਾਪੂਰਵਕ ਕਰਵਾਇਆ ਗਿਆ। ਐਨ.ਐਸ.ਐਸ. ਵਲੰਟੀਅਰਾਂ ਨੇ ਬੜੇ ਉਤਸ਼ਾਹ ਅਤੇ ਜ਼ਿੰਮੇਵਾਰੀ ਨਾਲ ਇਸ ਵਿੱਚ ਭਾਗ ਲਿਆ ਅਤੇ ਬੂਟੇ ਲਗਾਉਣ ਦੇ ਨਾਲ-ਨਾਲ ਉਨ੍ਹਾਂ ਦੀ ਸੰਭਾਲ ਦਾ ਵੀ ਸੰਕਲਪ ਲਿਆ।ਕਾਲਜ ਦੇ ਐਨ.ਐਸ.ਐਸ. ਯੂਨਿਟ ਦੇ ਇੰਚਾਰਜ ਸ੍ਰੀ ਬਲਵਿੰਦਰ ਸਿੰਘ ਨੇ ਵਲੰਟੀਅਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਰੁੱਖਾਂ ਦੀ ਬੇਤਹਾਸਾ ਕੱਟਾਈ ਅਤੇ ਵਧ ਰਹੀ ਗਰਮੀ ਮਨੁੱਖੀ ਜੀਵਨ ਲਈ ਵੱਡਾ ਖਤਰਾ ਬਣ ਰਹੀ ਹੈ। ਉਨ੍ਹਾਂ ਨੇ ਦੱਸਿਆ ਕਿ ਜੇ ਅਸੀਂ ਆਪਣਾ ਵਾਤਾਵਰਣ ਸਾਫ਼ ਅਤੇ ਹਰਿਆ-ਭਰਿਆ ਰੱਖਣਾ ਹੈ ਤਾਂ ਸਾਨੂੰ ਵੱਧ ਤੋਂ ਵੱਧ ਰੁੱਖ ਲਗਾਉਣੇ ਅਤੇ ਉਨ੍ਹਾਂ ਦੀ ਦੇਖਭਾਲ ਕਰਨੀ ਚਾਹੀਦੀ ਹੈ।ਇਸ ਮੌਕੇ ਹੋਰ ਸਟਾਫ ਮੈਂਬਰਾਂ ਨੇ ਵੀ ਵਲੰਟੀਅਰਾਂ ਦੀ ਹੌਸਲਾ ਅਫ਼ਜ਼ਾਈ ਕੀਤੀ ਅਤੇ ਉਨ੍ਹਾਂ ਨੂੰ ਸਮਾਜਿਕ ਸੇਵਾ ਦੇ ਕੰਮਾਂ ਵਿੱਚ ਅੱਗੇ ਰਹਿਣ ਲਈ ਪ੍ਰੇਰਿਤ ਕੀਤਾ।ਅੰਤ ਵਿੱਚ ਪ੍ਰਿੰਸੀਪਲ ਡਾ. ਜਸਬੀਰ ਸਿੰਘ ਗਿੱਲ ਜੀ ਨੇ ਸਾਰੇ ਐਨ.ਐਸ.ਐਸ. ਵਲੰਟੀਅਰਾਂ ਦੀ ਮਿਹਨਤ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਇਸ ਤਰ੍ਹਾਂ ਦੇ ਉਪਰਾਲੇ ਸਾਡੇ ਵਾਤਾਵਰਣ ਨੂੰ ਬਚਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਨੇ ਵਲੰਟੀਅਰਾਂ ਨੂੰ ਅਪੀਲ ਕੀਤੀ ਕਿ ਉਹ ਅੱਗੇ ਵੀ ਇਹੋ ਜਿਹੀਆਂ ਮੁਹਿੰਮਾਂ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਣ ਅਤੇ ਸਮਾਜ ਨੂੰ ਚੰਗਾ ਸੰਦੇਸ਼ ਦੇਣ।

## ਸਿੱਖਿਆ ਨੂੰ ਬੁਲੰਦੀਆਂ 'ਤੇ ਲਿਜਾਣ ਵਾਲੇ ਜ਼ਿਲ੍ਹਾ ਸਿੱਖਿਆ ਅਫ਼ਸਰ ਸਤਿਨਾਮ ਸਿੰਘ ਬਾਠ ਅੱਜ ਹੋਣਗੇ ਸੇਵਾਮੁਕਤ



ਗੁਰਪ੍ਰੀਤ ਸਿੰਘ ਕੱਦ ਗਿੱਲ ਤਰਨ ਤਾਰਨ, 29 ਅਪ੍ਰੈਲ ਸਿੱਖਿਆ ਦੇ ਖੇਤਰ ਵਿੱਚ ਆਪਣੀ ਵਿਲੱਖਣ ਪਛਾਣ ਬਣਾਉਣ ਵਾਲੇ, ਅਧਿਆਪਕਾਂ ਵਿੱਚ ਹਰਮਨ ਪਿਆਰੇ ਅਤੇ ਵਿਦਿਆਰਥੀਆਂ ਲਈ ਪ੍ਰੇਰਣਾ ਸਰੋਤ ਰਹੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ) ਸਤਿਨਾਮ ਸਿੰਘ ਬਾਠ ਆਪਣੀ ਲਗਭਗ 40 ਸਾਲਾਂ ਦੀ ਬੇਦਾਗ ਸਰਕਾਰੀ ਸੇਵਾ ਪੂਰੀ ਕਰਕੇ ਅੱਜ ਸੇਵਾਮੁਕਤ ਹੋ ਗਏ। ਉਨ੍ਹਾਂ ਦੀ ਸੇਵਾਮੁਕਤੀ ਨਾਲ ਸਿੱਖਿਆ ਵਿਭਾਗ ਨੂੰ ਇੱਕ ਨਿਸ਼ਚਿਤ ਘਾਟਾ ਪਿਆ ਹੈ ਅਤੇ ਅਧਿਆਪਕ ਵਰਗ ਵਿੱਚ ਵੀ ਉਨ੍ਹਾਂ ਦੀ ਕਮੀ ਮਹਿਸੂਸ ਕੀਤੀ ਜਾ ਰਹੀ ਹੈ।ਸਤਿਨਾਮ ਸਿੰਘ ਬਾਠ ਦਾ ਜਨਮ 25 ਅਪ੍ਰੈਲ 1966 ਨੂੰ ਜ਼ਿਲ੍ਹਾ ਤਰਨ ਤਾਰਨ ਦੇ ਪਿੰਡ ਮਨਿਹਾਲਾ ਜੈ ਸਿੰਘ ਵਿੱਚ ਹੋਇਆ। ਉਨ੍ਹਾਂ ਦੇ ਪਿਤਾ ਹਰਭਜਨ ਸਿੰਘ ਅਤੇ ਮਾਤਾ ਜੋਗਿੰਦਰ ਕੌਰ ਸਨ। ਉਨ੍ਹਾਂ ਨੇ ਆਪਣੀ ਮੁੱਢਲੀ ਸਿੱਖਿਆ ਸਰਕਾਰੀ ਪ੍ਰਾਇਮਰੀ ਸਕੂਲ ਮਨਿਹਾਲਾ ਜੈ ਸਿੰਘ ਤੋਂ ਪ੍ਰਾਪਤ ਕੀਤੀ। ਇਸ ਤੋਂ ਬਾਅਦ ਉਨ੍ਹਾਂ ਨੇ ਕੁਰੂਕਸ਼ੇਤਰ ਯੂਨੀਵਰਸਿਟੀ ਤੋਂ ਬੀ.ਏ., ਐਮ.ਏ. ਅਤੇ ਐਮ.ਫ਼ਿਲ ਦੀਆਂ ਡਿਗਰੀਆਂ ਹਾਸਲ ਕੀਤੀਆਂ। ਇਸ ਤੋਂ ਇਲਾਵਾ ਉਨ੍ਹਾਂ ਨੇ ਗਵਰਨਮੈਂਟ ਇੰਸਟੀਚਿਊਟ ਆਫ ਗਾਰਮੈਂਟ ਟੈਕਨੋਲੋਜੀ, ਅੰਮ੍ਰਿਤਸਰ ਤੋਂ ਗਾਰਮੈਂਟ ਟੈਕਨੋਲੋਜੀ ਵਿੱਚ ਡਿਪਲੋਮਾ ਵੀ ਪ੍ਰਾਪਤ ਕੀਤਾ।ਉਨ੍ਹਾਂ ਨੇ 20 ਮਈ 1986 ਨੂੰ ਵੋਕੇਸ਼ਨਲ ਮਾਸਟਰ ਵਜੋਂ ਆਪਣੀ ਸਰਕਾਰੀ ਸੇਵਾ ਦੀ ਸ਼ੁਰੂਆਤ ਕੀਤੀ। ਇਸ ਤੋਂ ਬਾਅਦ ਉਹ ਵੱਖ-ਵੱਖ ਅਹੁਦਿਆਂ 'ਤੇ ਸੇਵਾ ਨਿਭਾਉਂਦੇ ਹੋਏ 22 ਦਸੰਬਰ 2009 ਨੂੰ ਪ੍ਰਿੰਸੀਪਲ ਬਣੇ ਅਤੇ ਤਕਰੀਬਨ 9 ਸਾਲ ਤੱਕ ਇਸ ਅਹੁਦੇ 'ਤੇ ਸੇਵਾਵਾਂ ਨਿਭਾਈਆਂ। ਸਾਲ 2018 ਵਿੱਚ ਉਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ) ਜਲੰਧਰ ਵਜੋਂ ਤਾਇਨਾਤ ਹੋਏ ਅਤੇ 29 ਮਈ 2019 ਨੂੰ ਤਰਨ ਤਾਰਨ ਵਿਖੇ ਇਸ ਅਹੁਦੇ 'ਤੇ ਹਾਜ਼ਰ ਹੋਏ।ਮਿਤੀ 03 ਨਵੰਬਰ 2023 ਨੂੰ ਉਨ੍ਹਾਂ ਨੂੰ ਡੀ.ਪੀ.ਆਈ (ਸੈਕੰਡਰੀ) ਦੇ ਅਹੁਦੇ 'ਤੇ ਤਰੱਕੀ ਮਿਲੀ, ਜਿਸ ਨਾਲ ਜ਼ਿਲ੍ਹਾ ਤਰਨ ਤਾਰਨ ਦਾ ਮਾਣ ਵਧਿਆ। 03 ਮਾਰਚ 2025 ਤੋਂ ਲੈ ਕੇ ਹੁਣ ਤੱਕ ਉਹ ਮੁੜ ਤਰਨ ਤਾਰਨ ਵਿੱਚ ਸੇਵਾਵਾਂ ਨਿਭਾਉਂਦੇ ਰਹੇ ਅਤੇ 30 ਅਪ੍ਰੈਲ 2026 ਨੂੰ ਆਪਣੀ ਉਮਰ 60 ਸਾਲ ਪੂਰੀ ਕਰਨ ਉਪਰੰਤ ਸੇਵਾਮੁਕਤ ਹੋ ਗਏ। ਪਰਿਵਾਰਕ ਜੀਵਨ ਵਿੱਚ ਵੀ ਉਹ ਸੰਤੁਲਿਤ ਅਤੇ ਪ੍ਰੇਰਣਾਦਾਇਕ ਵਿਅਕਤੀ ਰਹੇ ਹਨ। 4 ਦਸੰਬਰ 1994 ਨੂੰ ਉਨ੍ਹਾਂ ਦਾ ਵਿਆਹ ਪਵਨਦੀਪ ਕੌਰ ਨਾਲ ਹੋਇਆ। ਉਨ੍ਹਾਂ ਦੀ ਧੀ ਸੁਖਮਨਦੀਪ ਕੌਰ ਬਾਠ ਅਤੇ ਪੁੱਤਰ ਵਿਸ਼ਵਦੀਪ ਸਿੰਘ ਬਾਠ ਦੋਵੇਂ ਕੈਨੇਡਾ ਵਿੱਚ ਸੈਟਲ ਹਨ।ਸਤਿਨਾਮ ਸਿੰਘ ਬਾਠ ਸਾਦਗੀਪ੍ਰੀ, ਇਮਾਨਦਾਰ ਅਤੇ ਉੱਚੀ ਸੋਚ ਵਾਲੇ ਅਧਿਕਾਰੀ ਵਜੋਂ ਜਾਣੇ ਜਾਂਦੇ ਹਨ। ਉਨ੍ਹਾਂ ਨੇ ਆਪਣੀ ਸੇਵਾ ਦੌਰਾਨ ਹਮੇਸ਼ਾ ਕੰਮ ਪ੍ਰਤੀ ਨਿਭਾਅ ਅਤੇ ਲਗਨ ਨਾਲ ਕੰਮ ਕੀਤਾ ਅਤੇ ਸਹਿਕਰਮੀਆਂ ਨਾਲ ਨਿੱਘੇ ਸੰਬੰਧ ਬਣਾਈ ਰੱਖੇ। ਉਹ ਮਿੱਠ ਬੋਲਣ ਵਾਲੇ, ਨਿਰਛੱਲ ਅਤੇ ਨਿਰਵੈਰ ਸੁਭਾਵ ਦੇ ਮਾਲਕ ਹਨ, ਜਿਨ੍ਹਾਂ ਨੇ ਹਰ ਸਥਿਤੀ ਵਿੱਚ ਸੱਚਾਈ ਅਤੇ ਇਮਾਨਦਾਰੀ ਦਾ ਪੱਖ ਲਿਆ।ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀਮੈਂਟਰੀ) ਰਾਜੀਵ ਕੁਮਾਰ ਛਾਬੜਾ ਨੇ ਕਿਹਾ ਕਿ ਬਾਠ ਸਾਹਿਬ ਨੇ ਆਪਣੀ ਜ਼ਿੰਦਗੀ ਦਾ ਕੀਮਤੀ ਸਮਾਂ ਸਿੱਖਿਆ ਵਿਭਾਗ ਨੂੰ ਸਮਰਪਿਤ ਕੀਤਾ ਅਤੇ ਵਿਦਿਆਰਥੀਆਂ ਲਈ ਚਾਨਣ ਮੁਨਾਰਾ ਬਣੇ।

## ਆਲ ਪੰਜਾਬ ਆਗਣਵਾੜੀ ਮੁਲਾਜ਼ਮ ਯੂਨੀਅਨ ਵੱਲੋਂ ਵਿਧਾਇਕਾਂ ਦੇ ਘਰ ਦੇ ਸਾਹਮਣੇ ਰੋਸ ਪ੍ਰਦਰਸ਼ਨ,



**ਚੋਹਲਾ ਸਾਹਿਬ 29 ਅਪ੍ਰੈਲ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) |**

ਮੀਟਿੰਗ ਦੌਰਾਨ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਬਲਾਕ ਪ੍ਰਧਾਨ ਜਤਿੰਦਰ ਕੌਰ ਭੈਲ ਨੇ ਦੱਸਿਆ ਕਿ 10 ਮਈ ਨੂੰ ਹਲਕਾ ਵਿਧਾਇਕ ਦੇ ਘਰ ਦੇ ਸਾਹਮਣੇ ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਵੱਲੋਂ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਇਹ ਰੋਸ ਪ੍ਰਦਰਸ਼ਨ ਹਰਗੋਬਿੰਦ ਕੌਰ ਦੀ ਅਗਵਾਈ ਹੇਠ ਸੂਬਾ ਕਮੇਟੀ ਵਲੋਂ ਉਲੀਕੀ ਗਈ ਸੰਘਰਸ਼ ਦੀ ਰੂਪਰੇਖਾ ਦੇ ਅਧੀਨ ਕੀਤੇ ਜਾ ਰਹੇ ਹਨ. ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਪੰਜਾਬ ਸਰਕਾਰ ਵੋਟਾਂ ਵੇਲੇ ਕੀਤੇ ਗਏ ਵਾਅਦੇ ਅਨੁਸਾਰ ਆਂਗਣਵਾੜੀ ਵਰਕਰਾਂ ਹੈਲਪਰਾਂ ਦਾ ਮਾਣ ਭੱਤਾ ਦੁਗਨਾ ਕਰੇ, ਆਂਗਣਵਾੜੀ ਕੇਂਦਰਾਂ ਵਿੱਚੋਂ ਖੋਹੇ ਗਏ ਬੱਚੇ ਵਾਪਸ ਆਗਣਵਾੜੀਆਂ ਵਿੱਚ ਭੇਜੇ ਜਾਣ ਆਂਗਣਵਾੜੀ ਵਰਕਰ ਨੂੰ ਪ੍ਰੀ ਨਰਸਰੀ ਟੀਚਰ ਦਾ ਦਰਜਾ ਦਿੱਤਾ ਜਾਵੇ, ਆਂਗਣਵਾੜੀ ਵਰਕਰਾਂ ਨੂੰ ਸਮਾਰਟ ਫੋਨ ਦਿੱਤੇ ਜਾਣ ਜੋ ਪਿਛਲੇ ਸਮੇਂ ਵਿੱਚ ਖਰੀਦੇ ਗਏ ਹਨ ਪਰੰਤੂ ਆਂਗਣਵਾੜੀ ਵਰਕਰਾਂ ਨੂੰ ਨਹੀਂ ਦਿੱਤੇ ਜਾ ਰਹੇ, ਆਂਗਣਵਾੜੀ ਵਰਕਰਾਂ ਨੂੰ ਮਾਵਾ ਧੀਆਂ ਸਤਿਕਾਰਯੋਗ ਯੋਜਨਾ ਵਿੱਚ ਕੰਮ ਕਰਨ ਬਦਲੇ 200 ਰੁਪਆ ਵਰਕਰ ਅਤੇ 100 ਰੁਪਆ ਹੈਲਪਰ ਦਿੱਤਾ ਜਾਵੇ। ਆਂਗਣਵਾੜੀ ਵਰਕਰਾਂ ਕੋਲੋਂ ਵਾਧੂ ਕੰਮ ਲੈਣੇ ਬੰਦ ਕੀਤੇ ਜਾਣ ਜਿਵੇਂ, ਆਰਥਿਕ ਜਨਗਣਨਾ, ਡਰੱਗ ਜਨ ਗਨ ਅਤੇ ਮੁੱਖ ਜਨਗਣਨਾ ਆਦਿ, ਐਨਜੀਓ ਅਧੀਨ ਚੱਲ ਰਹੇ ਤੇ ਬਲਾਕਾਂ ਨੂੰ ਵਾਪਸ ਲੈਣ ਦਾ ਹੋ ਚੁੱਕਿਆ ਨੋਟੀਫਿਕੇਸ਼ਨ ਲਾਗੂ ਕੀਤਾ ਜਾਵੇ ਇਹਨਾਂ ਮੰਗਾਂ ਨੂੰ ਲੈ ਕੇ ਹਲਕੇ ਦੇ ਵਿਧਾਇਕ ਦੇ ਘਰ ਦੇ ਸਾਹਮਣੇ ੂ ਨੂੰ ਰੋਸ ਪ੍ਰਦਰਸ਼ਨ ਹੋਵੇਗਾ ਜਿਸ ਵਿੱਚ ਆਂਗਣਵਾੜੀ ਵਰਕਰ ਹੈਲਪਰ ਵੱਡੀ ਗਿਣਤੀ ਵਿੱਚ ਭਾਗ ਲੈਣਗੀਆਂ.

**Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ**

